
Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-

# ਖੇਤੀ ਦੁਨੀਆਂ

All Subject to Patiala Jurisdiction.
www.khetiduniyan.in

Editor : Jagpreet Singh ● RNI/42269/83 ● Issue Dated 10-02-2024 ● Vol.42 No.06 ● Ph. : 0175-2214575, 90410-14575 ● Page : 16 | E-mail : khetiduniyan1983@gmail.com

ਅੰਦਰ ਪੜ੍ਹੋ


ਅੰਤ੍ਰਿਮ ਬਜਟ 'ਚੋਂ ਗਾਇਬ ਹੋਇਆ ਕਿਸਾਨ


ਝੋਨੇ ਵਿੱਚ ਹਰੇ ਇਨਕਲਾਬ ਦੇ ਰਚੇਤਾ ਨੂੰ ਚਾਰ ਕਰੋੜੀ ਇਨਾਮ


ਜੜ੍ਹਾਂ ਵਾਲੀਆਂ ਸਬਜ਼ੀਆਂ ਦਾ ਬੀਜ ਉਤਪਾਦਨ ਇੰਞ ਕਰੀਏ


ਫ਼ਸਲਾਂ ਦੇ ਮੁੱਲ ਦੀ ਆਲਮੀ ਗੂੰਜ

## ਸਰ੍ਹੋਂ 'ਤੇ ਚੇਪੇ ਦੇ ਹਮਲੇ ਦਾ ਧਿਆਨ ਰੱਖੋ

ਇਹ ਕੀੜਾ ਆਮ ਕਰਕੇ ਸਰ੍ਹੋਂ ਦੀਆਂ ਫੁੱਲਾਂ ਵਾਲੀਆਂ ਸ਼ਾਖਾਵਾਂ ਤੇ ਵੱਡੀ ਗਿਣਤੀ ਵਿਚ ਝੁੰਡਾਂ ਦੇ ਰੂਪ ਵਿਚ ਚਿਪਕਿਆ ਹੋਇਆ ਨਜ਼ਰ ਆਉਂਦਾ ਹੈ ਅਤੇ ਪੱਤੇ, ਫੁੱਲ ਅਤੇ ਫਲੀਆਂ ਦਾ ਰਸ ਚੂਸਦਾ ਹੈ । ਸਿੱਟੇ ਵਜੋਂ ਆਕਾਰ ਵਿੱਚ ਛੋਟੇ ਰਹਿ ਜਾਂਦੇ ਹਨ, ਫੁੱਲ ਅਤੇ ਫਲੀਆਂ ਮੁਰਝਾਅ ਜਾਂਦੇ ਹਨ ਅਤੇ ਫਲੀਆਂ 'ਚ ਦਾਣੇ ਵੀ ਪੂਰੀ ਤਰ੍ਹਾਂ ਨਹੀਂ ਬਣਦੇ। ਭਾਰੀ ਹਮਲੇ ਦੀ ਸੂਰਤ ਵਿਚ ਫਸਲ ਮੁਰਝਾਈ ਹੋਈ ਜਾਪਦੀ ਹੈ ਅਤੇ ਫਸਲ ਦਾ ਝਾੜ ਵੀ ਘੱਟ ਜਾਂਦਾ ਹੈ ।



### ਰੋਕਥਾਮ ਲਈ ਜ਼ਰੂਰੀ ਨੁਕਤੇ

★ ਕੀਟ-ਨਾਸ਼ਕਾਂ ਦੀ ਵਰਤੋਂ ਕੀੜਿਆਂ ਦੀ ਪੌਦਿਆਂ ਉੱਤੇ ਗਿਣਤੀ ਅਤੇ ਉਨ੍ਹਾਂ ਦੇ ਨੁਕਸਾਨ ਕਰਨ ਦੀ ਸਮਰੱਥਾ ਦੇ ਆਧਾਰ ਤੇ ਕਰੋ ।

★ ਇਸ ਲਈ ਇਕ ਏਕੜ ਰਕਬੇ ਵਿੱਚੋਂ 12 ਤੋਂ 16 ਬੂਟੇ ਜੋ ਕਿ ਖੇਤ ਵਿਚ, ਇੱਕ ਦੂਜੇ ਤੋਂ ਦੂਰ-ਦੂਰ ਹੋਣ, ਹਫਤੇ ਵਿੱਚ ਦੋ ਵਾਰ ਚੁਣੋ । ਜੇਕਰ ਪੌਦੇ ਦੀ ਵਿਚਕਾਰਲੀ ਸ਼ਾਖ ਦੇ ਸਿਰੇ ਤੇ ਚੇਪੇ ਦੀ ਗਿਣਤੀ 50 ਤੋਂ 60 ਪ੍ਰਤੀ 10 ਸੈਂਟੀਮੀਟਰ ਹਿੱਸੇ ਤੇ ਹੋਵੇ ਤਾਂ ਫਸਲ ਤੇ 40 ਗ੍ਰਾਮ ਐਕਟਾਰਾ 25 ਡਬਲਯੂ ਜੀ (ਥਾਇਆਮੈਥੋਕਸਮ) ਜਾਂ 400 ਮਿਲੀਲਿਟਰ ਮੈਟਾਸਿਸਟਾਕਸ 25 ਈ ਸੀ (ਔਕਸੀਡੈਮੀਟਿਨ ਮੀਥਾਈਲ) ਜਾਂ 400 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਜਾਂ 600 ਮਿਲੀਲਿਟਰ ਡਰਸਬਾਨ/ਕੋਰੋਬਾਨ 20 ਈ ਸੀ (ਕਲੋਰਪਾਈਰੀਫਾਸ) ਦਾ 100 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

★ ਜੇਕਰ ਲੋੜ ਪਵੇ ਤਾਂ 15 ਦਿਨਾਂ ਬਾਦ ਮੁੜ ਛਿੜਕਾਅ ਕਰੋ ।

★ ਆਮ ਤੌਰ ਤੇ ਚੇਪੇ ਦਾ ਹਮਲਾ ਪਹਿਲਾਂ ਖੇਤ ਦੇ ਬਾਹਰਲੇ ਹਿੱਸਿਆਂ ਤੇ ਹੁੰਦਾ ਹੈ। ਇਸ ਲਈ ਖੇਤ ਦੇ ਬਾਹਰਲੇ ਬੂਟਿਆਂ ਤੇ ਇਸਦੀ ਸੰਖਿਆ ਬਾਰੇ ਸੁਚੇਤ ਹੋਣ ਦੀ ਲੋੜ ਹੈ। ਇਸ ਲਈ ਛਿੜਕਾਅ ਸਿਰਫ ਅਜਿਹੇ ਹਮਲੇ ਵਾਲੇ ਹਿੱਸੇ ਤੇ ਹੀ ਕਰੋ ਤਾਂ ਚੇਪੇ ਦਾ ਹਮਲਾ ਅੱਗੇ ਫੈਲਣ ਤੋਂ ਰੋਕਿਆ ਜਾ ਸਕੇ ।

**ਸੁਧੇਂਦੂ ਸ਼ਰਮਾ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ**
(ਮੋ. 97800-10958)

## ਹਾੜ੍ਹੀ ਸੀਜ਼ਨ 2023-24 'ਚ ਸਰ੍ਹੋਂ ਦੀ ਫ਼ਸਲ ਹੇਠ ਰਕਬਾ 5 ਫੀਸਦੀ ਵਧਿਆ - ਐੱਸ.ਈ.ਏ.

ਫਸਲੀ ਸਾਲ 2023-24 ਦੇ ਹਾੜੀ ਸੀਜ਼ਨ 'ਚ ਸਰ੍ਹੋਂ ਦੀ ਫਸਲ ਹੇਠ ਰਕਬਾ 5 ਫੀਸਦੀ ਵਧ ਕੇ 100 ਲੱਖ ਹੈਕਟੇਅਰ ਤੋਂ ਵੱਧ ਦਾ ਅੰਦਾਜ਼ਾ ਹੈ। ਇਹ ਜਾਣਕਾਰੀ ਉਦਯੋਗ ਦੇ ਅੰਕੜਿਆਂ ਤੋਂ ਮਿਲੀ ਹੈ ।

ਇਕ ਬਿਆਨ 'ਚ, ਸਾਲਵੈਂਟ ਐਕਸਟਰੈਕਟਰਜ਼ ਐਸੋਸੀਏਸ਼ਨ ਆਫ ਇੰਡੀਆਂ (ਐੱਸ. ਈ. ਏ.) ਨੇ ਕਿਹਾ ਕਿ ਉਸ ਨੇ ਆਲ ਇੰਡੀਆ ਮਸਟਰਡ ਕ੍ਰਾਪ ਸਰਵੇ ਲਈ ਆਰ. ਐੱਮ. ਐੱਸ. ਆਈ. ਕ੍ਰਾਪਲਿਟਿਕਸ ਪ੍ਰਾਈਵੇਟ ਲਿਮਟਿਡ ਨੂੰ ਨਾਮਜਦ ਕੀਤਾ ਹੈ । ਸਰ੍ਹੋਂ ਇਕ ਮਹੱਤਵਪੂਰਨ ਤਿਲਹਨ ਹੈ । ਆਰ. ਐੱਮ. ਐੱਸ. ਆਈ. ਨੇ ਰਿਮੋਟ ਸੈਂਸਿੰਗ 'ਤੇ ਆਧਾਰਿਤ ਤੀਜੀ ਰਿਪੋਰਟ ਸੌਂਪੀ ਹੈ । ਐੱਸ. ਈ. ਏ ਨੇ ਕਿਹਾ ਕਿ ਰਿਪੋਰਟ ਅਨੁਸਾਰ, ''ਪੂਰੇ ਭਾਰਤ 'ਚ ਸਰ੍ਹੋਂ ਦੀ ਫਸਲ ਹੇਠ ਰਕਬਾ 100.39 ਲੱਖ ਹੈਕਟੇਅਰ ਦੱਸਿਆ ਗਿਆ ਹੈ, ਜੋ ਪਿਛਲੇ ਸਾਲ ਦੇ ਰਿਮੋਟ ਸੈਂਸਿੰਗ ਆਧਾਰਿਤ ਅੰਦਾਜ਼ੇ 95.76 ਲੱਖ ਹੈਕਟੇਅਰ ਤੋਂ 5 ਫੀਸਦੀ ਵੱਧ ਹੈ ।'' ਗੁਜਰਾਤ ਅਤੇ ਰਾਜਸਥਾਨ ਦੇ ਕਈ ਜ਼ਿਲਿਆਂ 'ਚ ਕਿਸਾਨਾਂ ਨੇ ਘੱਟ ਭਾਅ ਮਿਲਣ ਕਾਰਨ ਸਰ੍ਹੋਂ ਦੀ ਬਜਾਏ ਹੋਰ ਫਸਲਾਂ ਦੀ ਕਾਸ਼ਤ ਦਾ ਬਦਲ ਚੁਣਿਆ ਹੈ ।

ਰਾਜਸਥਾਨ 'ਚ ਹਾੜੀ ਸੀਜ਼ਨ 2023-24 'ਚ ਰਕਬਾ ਪਿਛਲੇ ਸਾਲ ਦੇ 37,43,272 ਹੈਕਟੇਅਰ ਤੋਂ ਵੱਧ ਕੇ 37,82,222 ਹੈਕਟੇਅਰ ਹੋਣ ਦਾ ਅੰਦਾਜ਼ਾ ਹੈ। ਉੱਤਰ ਪ੍ਰਦੇਸ਼ 'ਚ ਸਰ੍ਹੋਂ ਹੇਠ ਰਕਬਾ 14,00,584 ਹੈਕਟੇਅਰ ਤੋਂ ਵੱਧ ਕੇ 17,76,025 ਹੈਕਟੇਅਰ ਹੋ ਗਿਆ ਹੈ, ਜਦੋਂ ਕਿ ਮੱਧ ਪ੍ਰਦੇਸ਼ 'ਚ ਬੀਜਾਈ ਦਾ ਰਕਬਾ 13,23,881 ਹੈਕਟੇਅਰ ਤੋਂ ਵੱਧ ਕੇ 13,96,374 ਹੈਕਟੇਅਰ ਹੋ ਗਿਆ ਹੈ । ਹਾਲਾਂਕਿ ਪੱਛਮੀ ਬੰਗਾਲ 'ਚ ਖੇਤੀ ਹੇਠਲਾ ਰਕਬਾ 6,41,170 ਹੈਕਟੇਅਰ ਤੋਂ ਘਟ ਕੇ 5,90,734 ਹੈਕਟੇਅਰ ਰਹਿ ਗਿਆ ਹੈ । ਭਾਰਤ ਘਰੇਲੂ ਮੰਗ ਨੂੰ ਪੂਰਾ ਕਰਨ ਲਈ ਵੱਡੀ ਮਾਤਰਾ 'ਚ ਖਾਣ ਵਾਲੇ ਤੇਲਾਂ ਦੀ ਦਰਾਮਦ ਕਰਦਾ ਹੈ ।

## ਕਿਸਾਨ ਮੇਲੇ

| | |
|---|---|
| ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ) 5 ਮਾਰਚ | ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) 7 ਮਾਰਚ |
| ਬਠਿੰਡਾ 12 ਮਾਰਚ | ਫਰੀਦਕੋਟ 18 ਮਾਰਚ |
| ਗੁਰਦਾਸਪੁਰ 20 ਮਾਰਚ | ਰੌਣੀ (ਪਟਿਆਲਾ) 22 ਮਾਰਚ |

ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ
ਦੋ ਰੋਜ਼ਾ ਕਿਸਾਨ ਮੇਲਾ 14 ਅਤੇ 15 ਮਾਰਚ

ਤਿੰਨ ਰੋਜ਼ਾ ਪੂਸਾ ਕ੍ਰਿਸ਼ੀ ਵਿਗਿਆਨ ਕਿਸਾਨ ਮੇਲਾ, ਦਿੱਲੀ ਵਿਖੇ 28 ਫਰਵਰੀ ਤੋਂ 1 ਮਾਰਚ ਤੱਕ

KSA BEW KSP
KS Group PUNJAB
www.ksagrotech.org
sales@ksagrotech.org
ਕਿਸਾਨ ਖ਼ੁਸ਼ਹਾਲ ਤਾਂ ਦੇਸ਼ ਖ਼ੁਸ਼ਹਾਲ




KSA Straw Reaper
ਕ੍ਰਾਂਤੀ ਸਟਰਾ-ਰੀਪਰ ਬੁੱਕ ਕਰਵਾਓ
ਕੇ.ਐਸ. ਐਗਰੋਟੈਕ ਪ੍ਰਾ.ਲਿ.
ਰਾਏਕੋਟ ਰੋਡ, ਮਲੇਰਕੋਟਲਾ, ਜ਼ਿਲਾ ਸੰਗਰੂਰ, ਪੰਜਾਬ
Contact No.
+91 92170-70555
+91 92170-71755

# ਬਹਾਰ ਰੁੱਤ ਦੀਆਂ ਫਸਲਾਂ ਵਿੱਚ ਪਾਣੀ ਦੀ ਬੱਚਤ ਲਈ ਤਕਨੀਕਾਂ

**ਸੁਖਪ੍ਰੀਤ ਸਿੰਘ, ਵਿਨੈ ਸਿੰਧੂ ਅਤੇ ਅਜਮੇਰ ਸਿੰਘ ਬਰਾੜ,**
**ਫਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋਬਾਇਲ 94174-81337)**

ਸੈਂਟਰਲ ਗਰਾਊਂਡ ਵਾਟਰ ਬੋਰਡ ਦੀ 2023 ਦੀ ਰਿਪੋਰਟ ਅਨੁਸਾਰ ਸੂਬੇ ਦੀਆਂ 152 ਮੁਲਾਂਕਣ ਇਕਾਈਆਂ (150 ਬਲਾਕ + 3 ਸ਼ਹਿਰੀ ਖੇਤਰ) ਵਿਚੋਂ 114 ਬਲਾਕ ਅਤੇ 3 ਸ਼ਹਿਰੀ ਖੇਤਰ ਅਤਿ-ਨਾਜ਼ੁਕ, 4 ਬਲਾਕ ਨਾਜ਼ੁਕ, 13 ਬਲਾਕ ਅਰਧ-ਨਾਜ਼ੁਕ ਅਤੇ ਸਿਰਫ 20 ਬਲਾਕ ਹੀ ਸੁਰੱਖਿਅਤ ਹਨ। ਤੁਪਕਾ ਸਿੰਚਾਈ ਪ੍ਰਣਾਲੀ ਨਾਂ ਸਿਰਫ ਖਾਦਾਂ ਵੀ ਵਰਤੋਂ ਵਧਾਉਂਦੀ ਹੈ ਬਲਕਿ ਫਸਲਾਂ ਦੇ ਵਾਧੇ ਦੇ ਪੂਰੇ ਸਮੇਂ ਦੌਰਾਨ ਪਾਣੀ ਅਤੇ ਖੁਰਾਕੀ ਤੱਤਾਂ ਦੀ ਸਪਲਾਈ ਨੂੰ ਯਕੀਨੀ ਬਣਾਉਂਦੀ ਹੈ। ਇਹ ਲੇਬਰ ਦੀ ਬੱਚਤ ਕਾਰਨ, ਹਵਾ-ਮਿੱਟੀ-ਪਾਣੀ ਦੇ ਸੰਬੰਧਾਂ ਨੂੰ ਅਨੁਕੂਲ ਬਣਾਉਣ ਅਤੇ ਫਸਲਾਂ ਦੀ ਉਤਪਾਦਕਤਾ ਨੂੰ ਵਧਾਉਣ ਵਿਚ ਵੀ ਮਦਦ ਕਰਦੀ ਹੈ। ਤੁਪਕਾ ਸਿੰਚਾਈ ਪ੍ਰਣਾਲੀ ਰਾਹੀਂ ਫਰਟੀਗੇਸ਼ਨ ਕਰਨ ਨਾਲ ਝਾੜ ਨੂੰ ਪ੍ਰਭਾਵਿਤ ਕੀਤੇ ਬਗੈਰ ਖਾਦ ਦੀ ਵਰਤੋਂ ਨੂੰ ਲਗਭਗ 20 ਫੀਸਦੀ ਤੱਕ ਘਟਾਇਆ ਜਾ ਸਕਦਾ ਹੈ। ਰਾਜ ਸਰਕਾਰ ਵੱਲੋਂ ਤੁਪਕਾ ਸਿੰਚਾਈ ਪ੍ਰਣਾਲੀ ਨੂੰ ਉਤਸ਼ਾਹਿਤ ਕਰਨ ਲਈ ਸਬਸਿਡੀ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ।



ਬਹਾਰ ਰੁੱਤ ਦੀਆਂ ਫਸਲਾਂ ਜਿਵੇਂ ਕਿ ਮੱਕੀ, ਸੂਰਜਮੁਖੀ, ਪੁਦੀਨਾ ਆਦਿ ਦੀ ਕਾਸ਼ਤ ਗਰਮ ਅਤੇ ਖੁਸ਼ਕ ਮੌਸਮ ਵਿਚ ਕੀਤੀ ਜਾਂਦੀ ਹੈ, ਜਦੋਂ ਵਾਸ਼ਪੀਕਰਨ ਸਭ ਤੋਂ ਵੱਧ ਹੁੰਦਾ ਹੈ। ਇਸ ਕਰਕੇ ਇਹਨਾਂ ਫਸਲਾਂ ਨੂੰ ਵੱਧ ਸਿੰਚਾਈਆਂ ਦੀ ਜ਼ਰੂਰਤ ਪੈਂਦੀ ਹੈ। ਜ਼ਿਆਦਾ ਤਾਪਮਾਨ ਅਤੇ ਗਰਮ ਹਵਾਵਾਂ ਮੱਕੀ ਦੀ ਫਸਲ ਲਈ ਨੁਕਸਾਨਦਾਇਕ ਹੁੰਦੀਆਂ ਹਨ ਅਤੇ ਇਹਨਾਂ ਕਠੋਰ ਸਥਿਤੀਆਂ ਦਾ ਮੁਕਾਬਲਾ ਕਰਨ ਲਈ ਫਸਲ ਨੂੰ ਤਕਰੀਬਨ 15-18 ਪਾਣੀ ਲਾਉਣੇ ਪੈਂਦੇ ਹਨ। ਇਸੇ ਤਰ੍ਹਾਂ ਮੈਂਥਾ ਇਕ ਲੰਬਾ ਸਮਾਂ (ਅਖੀਰ ਜਨਵਰੀ ਤੋਂ ਅਖੀਰ ਜੂਨ) ਚੱਲਣ ਵਾਲੀ ਫਸਲ ਹੈ ਜਿਸ ਨੂੰ 18-20 ਸਿੰਚਾਈਆਂ ਦੀ ਲੋੜ ਪੈਂਦੀ ਹੈ। ਭਾਵੇਂ ਕਿ ਸੂਰਜਮੁਖੀ ਘੱਟ ਸਮਾਂ ਲੈਣ ਵਾਲੀ ਫਸਲ ਹੈ ਪਰ ਝਾੜ ਘਟਣ ਤੋਂ ਬਚਾਉਣ ਲਈ ਸਮੇਂ-ਸਮੇਂ ਤੇ ਸਿੰਚਾਈ ਦੀ ਜ਼ਰੂਰਤ ਪੈਂਦੀ ਹੈ। ਸਪੱਸ਼ਟ ਤੌਰ ਤੇ, ਬਹਾਰ ਰੁੱਤ ਤੇ ਅਧਾਰਿਤ ਫਸਲੀ ਚੱਕਰਾਂ ਜਿਵੇਂ ਝੋਨਾ-ਆਲੂ-ਸੂਰਜਮੁੱਖੀ (ਲਗਭਗ 219 ਸੈਂ. ਮੀ.), ਝੋਨਾ-ਆਲੂ-ਮੈਂਥਾ (ਲਗਭਗ 253 ਸੈਂ. ਮੀ.) ਅਤੇ ਝੋਨਾ-ਆਲੂ-ਬਹਾਰ ਰੁੱਤ ਦੀ ਮੱਕੀ (ਲਗਭਗ 254 ਸੈਂ. ਮੀ.) ਦੀ ਸਿੰਚਾਈ ਵਾਲੇ ਪਾਣੀ ਦੀ ਲੋੜ ਸੂਬੇ ਦੇ ਸਭ ਤੋਂ ਪ੍ਰਮੁੱਖ ਫਸਲੀ ਚੱਕਰ ਝੋਨਾ-ਕਣਕ ਦੀ ਸਿੰਚਾਈ ਵਾਲੇ ਪਾਣੀ ਦੀ ਲੋੜ (ਲਗਭਗ 180-200 ਸੈਂ. ਮੀ.) ਤੋਂ ਵੀ ਵੱਧ ਹੈ।

## ਸੂਰਜਮੁੱਖੀ

ਸੂਰਜਮੁੱਖੀ ਨੂੰ 60 ਸੈਂਟੀਮੀਟਰ ਵਿੱਥ ਤੇ ਬਣਾਈਆਂ ਵੱਟਾਂ ਉੱਪਰ ਬੂਟੇ ਤੋਂ ਬੂਟੇ ਵਿਚਕਾਰ 30 ਸੈਂਟੀਮੀਟਰ ਦਾ ਫਾਸਲਾ ਰੱਖ ਕੇ ਬੀਜਣਾ ਚਾਹੀਦਾ ਹੈ। ਬਿਜਾਈ ਤੋਂ ਬਾਅਦ ਹਰ ਇੱਕ ਵੱਟ ਉੱਪਰ ਲੇਟਰਲ ਪਾਈਪ ਵਿਛਾਓ ਜਿਸ ਤੇ 30 ਸੈਂਟੀਮੀਟਰ ਦੀ ਦੂਰੀ ਤੇ ਡਰਿਪਰ ਲੱਗੇ ਹੋਣ। ਬਿਜਾਈ ਤੋਂ ਇੱਕ ਮਹੀਨੇ ਬਾਅਦ ਤਿੰਨ ਦਿਨਾਂ ਦੇ ਵਕਫੇ ਤੇ ਪਾਣੀ ਲਾਉਣਾ ਚਾਹੀਦਾ ਹੈ। ਇਸ ਵਿਧੀ ਵਿਚ 8 ਕਿਲੋਗ੍ਰਾਮ ਯੂਰੀਆ ਅਤੇ 12 ਕਿਲੋਗ੍ਰਾਮ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਈ ਜਾਂਦੀ ਹੈ। ਜੇ ਮਿੱਟੀ ਦੀ ਪਰਖ ਮੁਤਾਬਕ ਪੋਟਾਸ਼ ਦੀ ਘਾਟ ਹੈ ਤਾਂ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਵੀ ਬਿਜਾਈ ਵੇਲੇ ਪਾ ਦੇਣੀ ਚਾਹੀਦੀ ਹੈ। ਬਿਜਾਈ ਤੋਂ ਇੱਕ ਮਹੀਨੇ ਬਾਅਦ ਸ਼ੁਰੂ ਕਰਕੇ 32 ਕਿਲੋ ਯੂਰੀਆ ਅਤੇ 12 ਲਿਟਰ ਓਰਥੋਫਾਸਫੋਰਿਕ ਐਸਿਡ (88%) 5 ਬਰਾਬਰ ਕਿਸ਼ਤਾਂ ਵਿਚ ਤੁਪਕਾ ਸਿੰਚਾਈ ਰਾਹੀਂ ਅਗਲੇ 45 ਦਿਨਾਂ ਤੱਕ ਵਰਤਣਾ ਚਾਹੀਦਾ ਹੈ।

## ਬਹਾਰ ਰੁੱਤ ਦੀ ਮੱਕੀ

ਬਹਾਰ ਰੁੱਤ ਦੀ ਮੱਕੀ ਵਿਚ ਧਰਤੀ ਦੀ ਸੱਤ੍ਹਾ ਉੱਤੇ ਤੁਪਕਾ ਸਿੰਚਾਈ ਦੀ ਵਰਤੋਂ ਕਰਨ ਲਈ ਖਾਲੀ ਦੇ ਕੇਂਦਰ ਤੋਂ ਕੇਂਦਰ ਦੀ 1.20 ਮੀਟਰ ਦੀ ਦੂਰੀ ਰੱਖ ਕੇ ਚੌੜੇ ਬੈੱਡ ਬਣਾਏ ਜਾਂਦੇ ਹਨ। ਇਹ ਬੈੱਡ 80 ਸੈਂਟੀਮੀਟਰ ਚੌੜੇ ਹੁੰਦੇ ਹਨ ਅਤੇ ਬੈੱਡ ਤੋਂ ਬੈੱਡ ਦਾ ਫਾਸਲਾ 40 ਸੈਂਟੀਮੀਟਰ ਦਾ ਹੁੰਦਾ ਹੈ। ਇਹ ਬੈੱਡ ਯੂ. ਵੀ. ਸਟੈਬਲਾਈਜ਼ਰ 25 ਮਾਈਕਰੋਨ (23 ਗ੍ਰਾਮ ਪ੍ਰਤੀ ਵਰਗ ਮੀਟਰ) ਦੀ ਮੋਟਾਈ ਵਾਲੀ ਕਾਲੇ ਰੰਗ ਦੀ ਪਲਾਸਟਿਕ ਸ਼ੀਟ ਨਾਲ ਢੱਕੇ ਜਾਂਦੇ ਹਨ। ਚੌੜੇ ਬੈੱਡਾਂ ਤੇ ਮੱਕੀ ਦੀਆਂ ਦੋ ਕਤਾਰਾਂ 60 ਸੈਂਟੀਮੀਟਰ ਦੀ ਦੂਰੀ ਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖਦੇ ਹੋਏ ਬੀਜੀਆਂ ਜਾਂਦੀਆਂ ਹਨ। ਮੱਕੀ ਦੀਆਂ ਦੋ ਕਤਾਰਾਂ ਵਿਚ ਇਕ ਡਰਿੱਪ ਲਾਈਨ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਸ ਵਿਚ ਡਰਿੱਪਰ ਤੋਂ ਡਰਿੱਪਰ ਦਾ ਫਾਸਲਾ 30 ਸੈ.ਮੀ. ਹੋਵੇ। ਦਰਮਿਆਨੀਆਂ ਜ਼ਮੀਨਾਂ ਵਿਚ ਬੀਜੀ ਮੱਕੀ ਲਈ 80 ਕਿਲੋ ਯੂਰੀਆ, 32 ਕਿਲੋ ਮੋਨੋ ਅਮੋਨੀਅਕ ਫਾਸਫੇਟ ਅਤੇ 16 ਕਿਲੋ ਮਿਊਰੇਟ ਆਫ ਪੋਟਾਸ਼ (ਸਫੇਦ) ਪ੍ਰਤੀ ਏਕੜ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਮੱਕੀ ਦੀ ਬਿਜਾਈ ਤੋਂ 12 ਦਿਨ ਬਾਅਦ ਫਰਟੀਗੇਸ਼ਨ ਸ਼ੁਰੂ ਕਰ ਦੇਣੀ ਚਾਹੀਦੀ ਹੈ। 25% ਖਾਦਾਂ ਪਹਿਲੇ ਮਹੀਨੇ ਕਿਸ਼ਤਾਂ ਵਿਚ ਹਫਤੇ ਹਫਤੇ 'ਤੇ ਅਤੇ ਬਾਕੀ ਰਹਿੰਦੀਆਂ ਖਾਦਾਂ ਮਈ ਦੇ ਪਹਿਲੇ ਹਫਤੇ ਤੱਕ ਹਫਤੇ ਹਫਤੇ ਦੇ 'ਤੇ ਬਰਾਬਰ ਕਿਸ਼ਤਾਂ ਵਿਚ ਪਾਉਣੀਆਂ ਚਾਹੀਦੀਆਂ ਹਨ। ਪਾਣੀ ਦੀ ਬੱਚਤ ਲਈ ਪਲਾਸਟਿਕ ਸ਼ੀਟ ਦੀ ਥਾਂ 30 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਇਕਸਾਰ ਵਿਛਾ ਦਿਓ।



## ਪੁਦੀਨਾ

ਪੁਦੀਨੇ ਮੈਂਥੇ ਦੀਆਂ 2 ਕਤਾਰਾਂ ਨੂੰ 22.5 ਸੈਂਟੀਮੀਟਰ ਦੀ ਵਿੱਥ ਰੱਖਦੇ ਹੋਏ 37.5 ਸੈਂਟੀਮੀਟਰ ਚੌੜੇ ਬੈੱਡਾਂ ਤੇ ਬੀਜਣਾ ਚਾਹੀਦਾ ਹੈ। ਇੱਕ ਬੈੱਡ ਤੇ ਦੋ ਕਤਾਰਾਂ ਨੂੰ ਸਿੰਜਣ ਲਈ ਹਰੇਕ ਬੈੱਡ ਤੇ ਇੱਕ ਲੇਟਰਲ ਪਾਈਪ ਵਿਛਾਈ ਜਾਂਦੀ ਹੈ, ਜਿਸ ਤੇ 30 ਸੈਂਟੀਮੀਟਰ ਦੀ ਵਿੱਥ ਤੇ 2.2 ਲੀਟਰ ਪ੍ਰਤੀ ਘੰਟਾ ਪਾਣੀ ਕੱਢਣ ਦੀ ਸਮਰੱਥਾ ਵਾਲੇ ਡਰਿੱਪਰ ਲੱਗੇ ਹੋਣ। ਪੁਦੀਨੇ ਦੇ ਪਹਿਲੇ ਕੱਟ ਲਈ, ਤੁਪਕਾ ਸਿੰਚਾਈ ਵਿਧੀ ਨਾਲ ਪਾਣੀ ਦੇ ਨਾਲ ਹੀ 24 ਕਿਲੋ ਨਾਈਟ੍ਰੋਜਨ ਅਤੇ 12.8 ਕਿਲੋ ਫਾਸਫੋਰਸ ਪ੍ਰਤੀ ਏਕੜ ਨੂੰ 10 ਬਰਾਬਰ ਕਿਸ਼ਤਾਂ ਵਿਚ ਵੰਡ ਕੇ ਪਾਉਣਾ ਚਾਹੀਦਾ ਹੈ। ਪਹਿਲਾ 1/10 ਹਿੱਸਾ ਬਿਜਾਈ ਤੋਂ ਤੁਰੰਤ ਬਾਅਦ ਪਹਿਲੇ ਪਾਣੀ ਦੇ ਨਾਲ ਅਤੇ ਬਾਕੀ ਬਚਦੇ 9 ਹਿੱਸਿਆਂ ਨੂੰ ਬਿਜਾਈ ਤੋਂ ਇੱਕ ਮਹੀਨੇ ਬਾਅਦ 9 ਦਿਨਾਂ ਦੇ ਵਕਫੇ ਤੇ ਪਾਉਣਾ ਚਾਹੀਦਾ ਹੈ। ਨਾਈਟ੍ਰੋਜਨ ਅਤੇ ਫਾਸਫੋਰਸ ਲਈ ਕ੍ਰਮਵਾਰ ਯੂਰੀਆ (46%) ਅਤੇ ਮੋਨੋ ਅਮੋਨੀਅਮ ਫਾਸਫੇਟ (12-61-0) ਦਾ ਇਸਤੇਮਾਲ ਕਰਨਾ ਚਾਹੀਦਾ ਹੈ ਕਿਉਂਕਿ ਇਹ ਪਾਣੀ ਵਿਚ ਆਸਾਨੀ ਨਾਲ ਘੁਲਣਸ਼ੀਲ ਹਨ। ਪਾਣੀ ਦੀ ਬੱਚਤ ਅਤੇ ਵਧੇਰੇ ਝਾੜ ਲੈਣ ਲਈ 24 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਖੇਤ ਵਿਚ ਪਾਓ।

# ਪੀ.ਏ.ਯੂ. ਦੀ ਸੰਯੁਕਤ ਖੇਤੀ ਪ੍ਰਣਾਲੀ ਛੋਟੇ ਕਿਸਾਨਾਂ ਲਈ ਲਾਹੇਵੰਦ

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਲਗਭਗ ਇਕ ਦਹਾਕੇ ਦੇ ਤਜਰਬਿਆਂ ਉਪਰੰਤ ਸੰਯੁਕਤ ਖੇਤੀ ਪ੍ਰਣਾਲੀ ਮਾਡਲ ਵਿਕਸਿਤ ਕੀਤਾ ਗਿਆ। ਆਰਥਿਕ ਪੱਖੋਂ ਸੁਯੋਗ ਇਹ ਮਾਡਲ ਫਸਲਾਂ, ਪਸ਼ੂ ਧਨ, ਮੱਛੀ ਪਾਲਣ, ਵਣ-ਖੇਤੀ ਅਤੇ ਖੇਤੀ ਬਾਗਬਾਨੀ ਦਾ ਇੱਕ ਅਜਿਹਾ ਮਿਸ਼ਰਣ ਹੈ ਜੋ ਕਿ ਖੇਤੀ ਨਿਰੰਤਰਤਾ, ਲਾਹੇਵੰਦੀ, ਸੰਤੁਲਨ ਆਹਾਰ ਦੀ ਉਪਲਬਧਤਾ ਅਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਦਾ ਹੈ।

ਇਹ ਮਾਡਲ ਉਤਪਾਦਨ ਦੀ ਲਗਾਤਾਰਤਾ ਨੂੰ ਬਣਾਈ ਰੱਖਣ, ਰਹਿੰਦ-ਖੂੰਹਦ ਦੀ ਵਰਤੋਂ ਰਾਹੀਂ ਖੇਤੀ ਖਰਚਿਆਂ ਨੂੰ ਘਟਾਉਣ, ਖੇਤੀ ਨਾਲ ਜੁੜੇ ਪਰਿਵਾਰਾਂ ਦੀਆਂ ਲਗਭਗ ਸਾਰੀਆਂ ਲੋੜੀਂਦੀਆਂ ਜ਼ਰੂਰਤਾਂ ਨੂੰ ਆਪਣੇ ਖੇਤਾਂ ਵਿੱਚੋਂ ਹੀ ਪੂਰੀਆਂ ਕਰਨ, ਸਾਧਨਾਂ ਦਾ ਘਾਟ ਨਾਲ ਜੂਝ ਰਹੇ ਕਿਸਾਨਾਂ ਨੂੰ ਜੀਵਨ-ਨਿਰਬਾਹ ਦੀ ਸੁਰੱਖਿਆ ਪ੍ਰਦਾਨ ਕਰਨ ਅਤੇ ਪੂਰਨ ਮਿਹਨਤਾਨਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

ਸਕੂਲ ਆਫ ਆਰਗੈਨਿਕ ਫਾਰਮਿੰਗ ਦੇ ਖੋਜ ਫਾਰਮ ਵੱਲੋਂ ਵਿਕਸਿਤ ਕੀਤੇ ਸੰਯੁਕਤ ਖੇਤੀ ਪ੍ਰਣਾਲੀ ਮਾਡਲ ਰਾਹੀਂ ਸਾਲ ਭਰ ਆਮਦਨ ਲੈਣ ਦੇ ਨਾਲ-ਨਾਲ ਘਰੇਲੂ ਲੋੜਾਂ (ਅਨਾਜ, ਸਬਜ਼ੀਆਂ, ਤੇਲ ਬੀਜ, ਦਾਲਾਂ, ਫਲ ਅਤੇ ਦੁੱਧ ਆਦਿ) ਦੀ ਪੂਰਤੀ ਵੀ ਕੀਤੀ ਜਾ ਸਕਦੀ ਹੈ। ਖੇਤੀ ਤੋਂ ਇਲਾਵਾ ਡੇਅਰੀ ਪਾਲਣ, ਘਰੇਲੂ ਬਗੀਚੀ ਅਤੇ ਹੋਰ ਸਹਾਇਕ ਧੰਦੇ ਅਪਨਾਉਣ ਲਈ ਕਿਸਾਨ ਪੀ. ਏ. ਯੂ. ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਜਾਂ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਲੋੜੀਂਦੀ ਸਿਖਲਾਈ ਹਾਸਿਲ ਕਰਨ ਉਪਰੰਤ ਆਪਣੇ ਖੇਤਾਂ ਤੋਂ ਸ਼ਹਿਰਾਂ ਜਾਂ ਮੰਡੀਆਂ ਦੀ ਲੋੜ ਮੁਤਾਬਕ ਚੋਣ ਕਰ ਸਕਦਾ ਹੈ।



ਸੰਯੁਕਤ ਖੇਤੀ ਮਾਡਲ ਦੇ ਤਜ਼ਰਬੇ ਸਾਉਣੀ 2010 ਦੌਰਾਨ 1.0 ਹੈਕਟੇਅਰ (2.5 ਏਕੜ) ਰਕਬੇ ਵਿੱਚ ਖੇਤ ਫਸਲਾਂ, ਬਾਗਬਾਨੀ, ਮੱਛੀ ਪਾਲਣ, ਡੇਅਰੀ-ਪਾਲਣ, ਵਣ-ਖੇਤੀ ਅਤੇ ਬੱਕਰੀ ਪਾਲਣ ਰਾਹੀਂ ਸ਼ੁਰੂ ਕੀਤੇ ਗਏ। ਸਾਉਣੀ ਦੀਆਂ ਫਸਲਾਂ ਵਿਚ ਝੋਨਾ, ਮੱਕੀ, ਹਲਦੀ ਅਤੇ ਚਾਰੇ ਆਦਿ ਨੂੰ 6400 ਵਰਗ ਮੀਟਰ ਰਕਬੇ ਵਿਚ ਕਾਸ਼ਤ ਕੀਤਾ ਗਿਆ। ਇਸ ਉਪਰੰਤ ਹਾੜੀ ਅਤੇ ਗਰਮੀਆਂ ਦੀਆਂ ਫਸਲਾਂ ਵਿਚ ਆਲੂ, ਬਰਸੀਮ, ਕਣਕ, ਗੋਭੀ ਸਰ੍ਹੋਂ, ਪਿਆਜ਼, ਬਾਜਰਾ ਅਤੇ ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਕੀਤੀ ਗਈ। ਬਾਗਬਾਨੀ ਵਿਚ ਅਮਰੂਦ ਅਤੇ ਨਿੰਬੂ ਜਾਤੀ ਦੇ ਪੌਦੇ ਲਗਭਗ 1600 ਵਰਗ ਮੀਟਰ ਵਿਚ ਲਗਾਏ ਗਏ ਅਤੇ ਇਹਨਾਂ ਵਿੱਚ ਹੀ 1500 ਵਰਗ ਮੀਟਰ ਰਕਬੇ ਵਿੱਚ ਸਬਜ਼ੀਆਂ ਦੀ ਅੰਤਰ-ਕਾਸ਼ਤ ਕੀਤੀ ਗਈ, 1000 ਵਰਗ ਮੀਟਰ ਰਕਬੇ ਵਿੱਚ ਮੱਛੀ ਪਾਲਣ, 300 ਵਰਗ ਮੀਟਰ ਵਿਚ ਵਣ-ਖੇਤੀ ਅਤੇ 200 ਵਰਗ ਮੀਟਰ ਰਕਬੇ ਵਿਚ ਦੁਧਾਰੂ ਪਸ਼ੂ ਅਤੇ ਬੱਕਰੀਆਂ ਰੱਖੀਆਂ ਗਈਆਂ।

ਖੇਤੀ ਉੱਦਮ, ਬਾਗਬਾਨੀ, ਡੇਅਰੀ ਅਤੇ ਮੱਛੀ ਪਾਲਣ ਦੇ ਸੰਯੁਕਤ ਖੇਤੀ ਪ੍ਰਣਾਲੀ ਦੇ ਇਸ ਮਾਡਲ ਨੂੰ ਅਪਨਾਉਣ ਨਾਲ ਔਸਤਨ ਪੰਜ ਸਾਲ ਦੇ ਅੰਕੜਿਆਂ ਦੇ ਅਧਿਐਨ ਤੋਂ ਸਪਸ਼ਟ ਹੋ ਗਿਆ ਹੈ ਕਿ ਇਸ ਤੋਂ ਸ਼ੁੱਧ ਮੁਨਾਫਾ 4,95,810 ਰੁਪਏ ਪਤੀ ਹੈਕਟੇਅਰ ਹਾਸਲ ਹੋਇਆ ਜਿਸ ਵਿਚ ਡੇਅਰੀ ਪਾਲਣ ਤੋਂ 2,86,201 ਰੁਪਏ, ਫਸਲਾਂ ਤੋਂ 1,25,070 ਰੁਪਏ, ਬਾਗਬਾਨੀ ਤੋਂ 30,156 ਰੁਪਏ, ਮੱਛੀ ਪਾਲਣ ਤੋਂ 24,891 ਰੁਪਏ, ਕਰੌਂਦਾ ਅਤੇ ਗਲਗਲ ਦੀ ਵਾੜ ਤੋਂ 19,341 ਰੁਪਏ, ਘਰੇਲੂ ਬਗੀਚੀ ਵਿਚ ਬੀਜੀਆਂ ਸਬਜ਼ੀਆਂ ਤੋਂ 8,048 ਰੁਪਏ ਅਤੇ ਵਣ-ਖੇਤੀ ਵਿਚ ਬੀਜੀਆਂ ਫਸਲਾਂ ਤੋਂ 2,104 ਰੁਪਏ ਹਾਸਲ ਕੀਤੇ। ਸੀਮਾਂਤ ਅਤੇ ਛੋਟੇ ਕਿਸਾਨਾਂ ਲਈ ਵਿਕਸਿਤ ਕੀਤੇ 1.0 ਹੈਕਟੇਅਰ ਦੇ ਇਸ ਮਾਡਲ ਤੋਂ 8,40,114 ਰੁਪਏ ਹੈਕਟੇਅਰ ਕੁੱਲ ਆਮਦਨ ਹਾਸਲ ਹੋਈ ਜਦੋਂ ਕਿ ਇਸ ਤੇ 3,44,304 ਰੁਪਏ ਹੈਕਟੇਅਰ ਦੀ ਲਾਗਤ ਆਈ। ਸਾਰੇ ਖਰਚੇ ਕੱਢ ਕੇ 4,95,810 ਰੁਪਏ ਪ੍ਰਤੀ ਹੈਕਟੇਅਰ ਦਾ ਸ਼ੁੱਧ ਮੁਨਾਫਾ ਮੌਜੂਦਾ ਚੱਕਰ ਤੋਂ ਕਿਤੇ ਜ਼ਿਆਦਾ ਹੈ। ਵਾਤਾਵਰਨ ਪੱਖੀ ਇਹ ਮਾਡਲ ਜਿੱਥੇ ਹਵਾ ਵਿਚ ਗਰੀਨ ਹਾਊਸ ਗੈਸਾਂ ਦੀ ਮਿਕਦਾਰ ਘਟਾਉਣ ਵਿਚ ਸਹਾਈ ਹੁੰਦਾ ਹੈ, ਉੱਥੇ ਹੀ ਰਹਿੰਦ-ਖੂੰਹਦ ਦੀ ਮੁੜ ਵਰਤੋਂ ਕਰਕੇ 30-45% ਖੇਤੀ ਲਾਗਤਾਂ ਵਿਚ ਕਟੌਤੀ ਕਰਨ ਦੇ ਨਾਲ-ਨਾਲ ਰਵਾਇਤੀ ਫਸਲੀ ਚੱਕਰ ਨਾਲੋਂ ਪਾਣੀ ਦੀ ਬੱਚਤ ਕਰਨ ਵਿਚ ਵੀ ਮਦਦ ਕਰਦਾ ਹੈ।

**ਸੋਹਣ ਸਿੰਘ ਵਾਲੀਆ, ਅਤੇ ਵਜਿੰਦਰ ਪਾਲ ਕਾਲੜਾ, ਸਕੂਲ ਆਫ ਆਰਗੈਨਿਕ ਫਾਰਮਿੰਗ, ਪੀ. ਏ. ਯੂ., ਲੁਧਿਆਣਾ** (ਮੋ. 81464-00134)

# ਅੰਤ੍ਰਿਮ ਬਜਟ 'ਚੋਂ ਗਾਇਬ ਹੋਇਆ ਕਿਸਾਨ





ਸਰਕਾਰ ਵੱਲੋਂ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਪੇਸ਼ ਕੀਤੇ ਕਏ ਅੰਤ੍ਰਿਮ ਬਜਟ ਤੋਂ ਉਂਝ ਤਾਂ ਕਿਸਾਨਾਂ ਨੇ ਕੋਈ ਵੱਡੀ ਉਮੀਦ ਨਹੀਂ ਲਾਈ ਸੀ ਪਰ ਖੇਤੀਬਾੜੀ 'ਤੇ ਪਾਏ ਜਾਂਦੇ ਸੰਕਟ ਨੂੰ ਵੇਖਦਿਆਂ ਕਿਸਾਨਾਂ ਨੂੰ ਕੁੱਝ ਘੱਟੋ-ਘੱਟ ਉਮੀਦਾਂ ਦਾ ਅਧਿਕਾਰ ਸੀ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਉਸ ਹਲਕੀ ਜਿਹੀ ਉਮੀਦ 'ਤੇ ਵੀ ਪਾਣੀ ਫੇਰ ਦਿੱਤਾ। ਆਪਣੇ ਭਾਸ਼ਣ 'ਚ ਕਿਸਾਨ ਦਾ ਨਾਂ ਤਾਂ ਉਨ੍ਹਾਂ ਨੇ ਕਈ ਵਾਰ ਲਿਆ ਪਰ ਅੰਤ੍ਰਿਮ ਬਜਟ 'ਚ ਉਨ੍ਹਾਂ ਨੇ ਕਿਸਾਨਾਂ ਨੂੰ ਅੰਤ੍ਰਿਮ ਰਾਹਤ ਵੀ ਨਹੀਂ ਦਿੱਤੀ। ਨਾ ਪੈਸਾ ਦਿੱਤਾ ਤੇ ਨਾ ਹੀ ਖੇਤੀਬਾੜੀ ਖੇਤਰ ਦਾ ਪੂਰਾ ਸੱਚ ਹੀ ਦੇਸ਼ ਦੇ ਸਾਹਮਣੇ ਰੱਖਿਆ। ਉਲਟਾ ਖੇਤੀਬਾੜੀ ਅਤੇ ਪ੍ਰਮੁੱਖ ਯੋਜਨਾਵਾਂ ਦਾ ਬਜਟ ਵੀ ਘਟਾ ਦਿੱਤਾ।

ਬਜਟ ਤੋਂ 2 ਦਿਨ ਪਹਿਲਾਂ ਸੰਸਦ 'ਚ ਪੇਸ਼ ਕੀਤਾ ਗਿਆ ਆਰਥਿਕ ਸਮੀਖਿਆ ਦਸਤਾਵੇਜ਼ ਇਹ ਰੇਖਾਂਕਿਤ ਕਰਦਾ ਹੈ ਕਿ ਇਸ ਸਾਲ ਖੇਤੀਬਾੜੀ ਖੇਤਰ 'ਚ ਵਾਧਾ (ਗ੍ਰਾਸ ਵੈਲਿਊ ਏਡਿਡ ਦਰ) ਸਿਰਫ 1.8 ਫੀਸਦੀ ਹੋਇਆ ਹੈ। ਇਹ ਦਰ ਪਿਛਲੇ ਸਾਲਾਂ ਦੇ ਖੇਤੀਬਾੜੀ ਮਾਹਿਰਾਂ ਨੂੰ ਉਮੀਦ ਸੀ ਕਿ ਸਰਕਾਰ ਇਸ ਸੰਕਟ ਨੂੰ ਵੇਖਦੇ ਹੋਏ ਕੁਝ ਅੰਤ੍ਰਿਮ ਰਾਹਤ ਦੇਵੇਗੀ। ਕਿਸਾਨ ਸਨਮਾਨ ਨਿਧੀ ਦੀ ਰਕਮ 5 ਸਾਲ ਪਹਿਲਾਂ 6000 ਰੁਪਏ ਸਾਲਾਨਾ ਤੈਅ ਹੋਈ ਸੀ। ਅੱਜ ਉਸ ਦੀ ਕੀਮਤ 5000 ਰੁਪਏ ਤੋਂ ਵੀ ਘੱਟ ਰਹਿ ਗਈ ਹੈ।

ਅਜਿਹੀ ਚਰਚਾ ਸੀ ਕਿ ਸਰਕਾਰ ਇਸ ਨੂੰ ਵਧਾ ਕੇ 9000 ਰੁਪਏ ਸਾਲਾਨਾ ਕਰ ਦੇਵੇਗੀ। ਜਿਹੜੇ ਭੂਮੀਹੀਣ ਅਤੇ ਬਟਾਈਦਾਰ ਕਿਸਾਨ ਇਸ ਯੋਜਨਾ ਦੇ ਘੇਰੇ ਤੋਂ ਬਾਹਰ ਹਨ, ਉਨ੍ਹਾਂ ਨੂੰ ਇਸ ਵਿਚ ਸ਼ਾਮਲ ਹੋਣ ਦੀ ਉਮੀਦ ਸੀ। ਘੱਟੋ-ਘੱਟ ਇੰਨੀ ਉਮੀਦ ਤਾਂ ਸੀ ਕਿ ਸਰਕਾਰ ਇਸ ਯੋਜਨਾ ਤੋਂ ਲਾਭ ਹਾਸਲ ਕਰਨ ਵਾਲੇ ਕਿਸਾਨਾਂ ਦੀ ਗਿਣਤੀ 'ਚ ਗਿਰਾਵਟ ਨੂੰ ਰੋਕੇਗੀ।

ਅਫਸੋਸ ਵਾਲੀ ਗੱਲ ਹੈ ਕਿ ਇਸ ਯੋਜਨਾ ਦੀ ਰਕਮ ਜਾਂ ਲਾਭ ਹਾਸਲ ਕਰਨ ਵਾਲਿਆਂ ਦੀ ਗਿਣਤੀ ਨੂੰ ਵਧਾਉਣ ਦੀ ਥਾਂ ਵਿੱਤ ਮੰਤਰੀ ਨੇ ਪੂਰਾ ਸੱਚ ਵੀ ਸੰਸਦ ਦੇ ਸਾਹਮਣੇ ਨਹੀਂ ਰੱਖਿਆ।

ਉਨ੍ਹਾਂ ਇਸ ਯੋਜਨਾ ਤੋਂ ਲਾਭ ਹਾਸਲ ਕਰਨ ਵਾਲਿਆਂ ਦੀ ਗਿਣਤੀ 11.8 ਕਰੋੜ ਦੱਸੀ ਜਦੋਂਕਿ ਸਰਕਾਰ ਦੇ ਆਪਣੇ ਅੰਕੜਿਆਂ ਮੁਤਾਬਿਕ ਨਵੰਬਰ 2023 'ਚ ਦਿੱਤੀ ਗਈ ਅੰਤ੍ਰਿਮ ਕਿਸ਼ਤ ਸਿਰਫ 9.08 ਕਰੋੜ ਕਿਸਾਨਾਂ ਨੂੰ ਮਿਲੀ ਹੈ। ਇਹੀ ਨਹੀਂ, ਉਨ੍ਹਾਂ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਰਾਹੀਂ ਲਾਭ ਹਾਸਲ ਕਰਨ ਵਾਲੇ ਕਿਸਾਨਾਂ ਦੀ ਗਿਣਤੀ 4 ਕਰੋੜ ਦੱਸੀ ਜਦੋਂਕਿ ਸਰਕਾਰ ਦੇ ਆਪਣੇ ਅੰਕੜੇ ਸਿਰਫ 3 ਕਰੋੜ 40 ਲੱਖ ਦੀ ਗਿਣਤੀ ਦਰਸਾਉਂਦੇ ਹਨ।

ਪਿਛਲੇ ਸਾਲ ਵਾਂਗ ਇਸ ਸਾਲ ਵੀ ਵਿੱਤ ਮੰਤਰੀ ਨੇ ਇਸ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਗਏ ਸਭ ਤੋਂ ਵੱਡੇ ਵਾਅਦੇ ਤੇ ਦਾਅਵੇ ਸਬੰਧੀ ਚੁੱਪ ਧਾਰਨ ਕੀਤੀ ਰੱਖੀ। ਸਾਲ 2016 ਦੇ ਬਜਟ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ 6 ਸਾਲ 'ਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ। ਇਹ ਮਿਆਦ ਫਰਵਰੀ 2022 'ਚ ਪੂਰੀ ਹੋ ਗਈ ਸੀ। ਸਰਕਾਰ ਨੇ ਇਸ ਨੂੰ 2023 ਤੱਕ ਵਧਾ ਦਿੱਤਾ ਪਰ 7 ਸਾਲ ਤੱਕ ਆਮਦਨ ਦੁੱਗਣੀ ਕਰਨ ਦਾ ਢਿੰਡੋਰਾ ਪਿੱਟਣ ਪਿੱਛੋਂ ਸਰਕਾਰ ਨੇ ਇਸ 'ਤੇ ਮੁਕੰਮਲ ਖਾਮੋਸ਼ੀ ਧਾਰਨ ਕਰ ਲਈ।

ਪਿਛਲੇ ਅਤੇ ਇਸ ਬਜਟ 'ਚ ਇਸ ਜੁਮਲੇ ਦਾ ਜ਼ਿਕਰ ਨਹੀਂ ਹੋਇਆ, ਨਾ ਹੀ ਸਰਕਾਰ ਨੇ ਇਹ ਅੰਕੜਾ ਦੱਸਿਆ ਕਿ ਕਿਸਾਨ ਦੀ ਆਮਦਨ ਆਖਿਰ ਕਿੰਨੀ ਵਧੀ ਜਾਂ ਘਟੀ ਹੈ। ਅਰਥਸ਼ਾਸਤਰੀਆਂ ਦੇ ਅਨੁਮਾਨ ਦੱਸਦੇ ਹਨ ਕਿ ਇਨ੍ਹਾਂ ਸੱਤ ਸਾਲਾਂ 'ਚ ਕਿਸਾਨਾਂ ਦੀ ਆਮਦਨ ਓਨੀ ਵੀ ਨਹੀਂ ਵਧੀ ਜਿੰਨੀ ਪਿਛਲੀ ਸਰਕਾਰ ਦੇ ਆਖਰੀ ਸੱਤ ਸਾਲਾਂ 'ਚ ਵਧੀ ਸੀ।



ਯੋਗੇਂਦਰ ਯਾਦਵ

ਦੇਸ਼ ਦੇ ਸਭ ਕਿਸਾਨ ਸੰਗਠਨ ਪਿਛਲੇ 2 ਸਾਲਾਂ ਤੋਂ ਐੱਮ. ਐੱਸ. ਪੀ. ਨੂੰ ਕਾਨੂੰਨ ਦਰਜਾ ਦਿੱਤੇ ਜਾਣ ਦੀ ਉਡੀਕ ਕਰ ਰਹੇ ਹਨ। ਦਿੱਲੀ 'ਚ ਕਿਸਾਨ ਮੋਰਚੇ ਸਮੇਂ ਸਰਕਾਰ ਨੇ ਕਿਸਾਨਾਂ ਨੂੰ ਲਿਖਤੀ ਭਰੋਸਾ ਦਿੱਤਾ ਸੀ ਕਿ ਇਸ ਮੰਤਵ ਲਈ ਇਕ ਕਮੇਟੀ ਬਣਾ ਕੇ ਸਭ ਕਿਸਾਨਾਂ ਨੂੰ ਐੱਮ. ਐੱਸ. ਪੀ. ਯਕੀਨੀ ਦਿੱਤੀ ਜਾਏਗੀ ਪਰ ਅੰਦੋਲਨ ਦੇ ਖਤਮ ਹੋਣ ਤੋਂ 2 ਸਾਲ ਬਾਅਦ ਵੀ ਕਮੇਟੀ ਨੇ ਸੁਚਾਰੂ ਢੰਗ ਕਰਨਾ ਸ਼ੁਰੂ ਵੀ ਨਹੀਂ ਕੀਤਾ।

ਉੱਪਰੋਂ ਵਿੱਤ ਮੰਤਰੀ ਨੇ ਇਹ ਦਾਅਵਾ ਵੀ ਕਰ ਦਿੱਤਾ ਕਿ ਕਿਸਾਨਾਂ ਨੂੰ ਢੁੱਕਵੀਂ ਐੱਮ. ਐੱਸ. ਪੀ. ਮਿਲ ਰਹੀ ਹੈ ਭਾਵ ਇਹ ਕਿ ਸਰਕਾਰ ਦਾ ਇਸ ਵਿਚ ਸੁਧਾਰ ਕਰਨ ਦਾ ਕੋਈ ਇਰਾਦਾ ਵੀ ਨਹੀਂ ਹੈ। ਸੱਚ ਇਹ ਹੈ ਕਿ ਇਸ ਸਰਕਾਰ ਦੇ 10 ਸਾਲਾਂ 'ਚ 30 ਵਿਚੋਂ 21 ਫਸਲਾਂ 'ਚ ਐੱਮ. ਐੱਸ. ਪੀ. ਵਧੇ ਦੀ ਦਰ ਓਨੀ ਵੀ ਨਹੀਂ ਰਹੀ ਜਿੰਨੀ ਪਿਛਲੀ ਯੂ. ਪੀ. ਏ. ਸਰਕਾਰ ਦੇ 10 ਸਾਲ ਦੇ ਸਮੇਂ ਦੌਰਾਨ ਰਹੀ ਸੀ।

ਵਿੱਤ ਮੰਤਰੀ ਨੇ ਕਿਸਾਨਾਂ ਲਈ ਜ਼ੋਰ-ਸ਼ੋਰ ਨਾਲ ਐਲਾਨੀਆਂ ਗਈਆਂ ਵੱਡੀਆਂ ਯੋਜਨਾਵਾਂ ਦਾ ਪ੍ਰਗਤੀ ਰਿਪੋਰਟ ਵੀ ਨਹੀਂ ਰੱਖੀ। 2020 'ਚ ਸਰਕਾਰ ਨੇ ਐਗਰੀ ਇਨਫ੍ਰਾਸਟਰੱਕਚਰ ਫੰਡ ਦੇ ਨਾਂ 'ਤੇ ਇਕ ਲੱਖ ਕਰੋੜ ਰੁਪਏ ਦੀ ਯੋਜਨਾ ਦਾ ਐਲਾਨ ਕੀਤਾ ਸੀ ਜਿਸ ਨੂੰ 5 ਸਾਲ ਚ ਪੂਰਾ ਕੀਤਾ ਜਾਣਾ ਸੀ। ਹੁਣ 4 ਸਾਲ ਬੀਤਣ ਪਿੱਛੋਂ ਉਸ ਨੂੰ ਯੋਜਨਾ 'ਚ 22,000 ਕਰੋੜ ਭਾਵ ਇਕ ਚੌਥਾਈ ਤੋਂ ਵੀ ਘੱਟ ਫੰਡ ਮਿਲਿਆ ਹੈ। ਇਸ ਤਰ੍ਹਾਂ ਇੰਝ ਲੱਗਦਾ ਹੈ ਕਿ ਐਗਰੀਕਲਚਰ ਐਕਸੀਲੇਟਰ ਫੰਡ 'ਤੇ ਬਰੇਕ ਲੱਗ ਗਈ ਹੈ। ਸਰਕਾਰ ਦਾ ਐਲਾਨ 5 ਸਾਲ 'ਚ 2516 ਕਰੋੜ ਰੁਪਏ ਦਾ ਸੀ ਪਰ ਹੁਣ ਤੱਕ ਸਿਰਫ 106 ਕਰੋੜ ਰੁਪਏ ਹੀ ਵੰਡੇ ਗਏ ਹਨ।

ਕਿਸੇ ਨੂੰ ਕੁਝ ਦੇਣਾ ਤਾਂ ਦੂਰ ਦੀ ਗੱਲ ਹੈ ਪਰ ਅਸਲ 'ਚ ਸਰਕਾਰ ਨੇ ਇਸ ਬਜਟ 'ਚ ਕਿਸਾਨਾਂ ਦਾ ਹਿੱਸਾ ਖੋਹ ਲਿਆ ਹੈ। ਪਿਛਲੀਆਂ ਚੋਣਾਂ 'ਚ ਪਹਿਲਾਂ ਕਿਸਾਨ ਸਨਮਾਨ ਫੰਡ ਦੇ ਐਲਾਨ ਪਿੱਛੋਂ ਦੇਸ਼ ਦੇ ਕੁੱਲ ਬਜਟ 'ਚ ਖੇਤੀਬਾੜੀ ਬਜਟ ਦਾ ਹਿੱਸਾ 5.44 ਫੀਸਦੀ ਸੀ। ਪਿਛਲੇ 5 ਸਾਲਾਂ 'ਚ ਇਹ ਅਨੁਪਾਤ ਹਰ ਸਾਲ ਘਟਦਾ ਗਿਆ ਹੈ। ਪਿਛਲੇ ਸਾਲ ਕੁਲ ਬਜਟ ਦਾ 3.20 ਫੀਸਦੀ ਹਿੱਸਾ ਖੇਤੀਬਾੜੀ ਅਤੇ ਸਬੰਧਤ ਖੇਤਰਾਂ ਲਈ ਪ੍ਰਸਤਾਵਿਤ ਸੀ ਪਰ ਸੋਧੇ ਹੋਏ ਅਨੁਮਾਨ ਮੁਤਾਬਕ ਅਸਲ ਖਰਚ 3.13 ਫੀਸਦੀ ਹੀ ਹੋਇਆ।

ਇਸ ਸਾਲ ਦੇ ਬਜਟ ਅਨੁਮਾਨ 'ਚ ਇਸ ਨੂੰ ਹੋਰ ਘਟਾ ਕੇ 3.08 ਫੀਸਦੀ ਕਰ ਦਿੱਤਾ ਗਿਆ ਹੈ, ਇਹ ਕੋਈ ਛੋਟੀ ਕਟੌਤੀ ਨਹੀਂ ਹੈ। ਉਦਾਹਰਣ ਵਜੋਂ ਖਾਦ ਦੀ ਸਬਸਿਡੀ ਪਿਛਲੇ ਸਾਲ 'ਚ ਹੋਏ 1.88 ਲੱਖ ਕਰੋੜ ਰੁਪਏ ਦੇ ਖਰਚੇ ਤੋਂ ਘੱਟ ਕੇ 1.64 ਲੱਖ ਕਰੋੜ ਰੁਪਏ ਕਰ ਦਿੱਤੀ ਗਈ ਹੈ। ਅਨਾਜ 'ਤੇ ਸਬਸਿਡੀ 2.12 ਲੱਖ ਕਰੋੜ ਰੁਪਏ ਦੇ ਖਰਚੇ ਤੋਂ ਘੱਟ ਕੇ 2.05 ਲੱਖ ਕਰੋੜ ਰੁਪਏ ਅਤੇ ਆਸ਼ਾ ਯੋਜਨਾ ਦਾ ਖਰਚ 2200 ਕਰੋੜ ਤੋਂ ਘੱਟ ਕੇ 1738 ਕਰੋੜ ਕਰ ਦਿੱਤਾ ਗਿਆ ਹੈ। ਸੂਬਿਆਂ ਨੂੰ ਸਸਤੀਆਂ ਦਾਲਾਂ ਦੇਣ ਦੀ ਯੋਜਨਾ ਦੀ ਵੰਡ ਸਿਫਰ ਕਰ ਦਿੱਤੀ ਗਈ ਹੈ। ਇਸ ਦਾ ਭਾਵ ਇਹ ਹੈ ਕਿ ਪਿਛਲੇ 10 ਸਾਲਾਂ ਵਾਂਗ ਇਸ ਸਾਲ ਵੀ ਕਿਸਾਨਾਂ ਨੂੰ ਵੱਡੇ-ਵੱਡੇ ਸ਼ਬਦ ਅਤੇ ਵੱਡਾ ਸਾਰਾ ਧੋਖਾ ਮਿਲਿਆ ਹੈ। ਇਸੇ ਲਈ ਸੰਯੁਕਤ ਕਿਸਾਨ ਮੋਰਚਾ ਨੇ ਆਉਂਦੀਆਂ ਲੋਕ ਸਭਾ ਦੀਆਂ ਚੋਣਾਂ 'ਚ ਦੇਸ਼ ਦੇ ਕਿਸਾਨਾਂ ਨੂੰ 'ਭਾਜਪਾ ਹਟਾਓ' ਦਾ ਨਾਅਰਾ ਦਿੱਤਾ ਹੈ।




ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਵੱਟਸਐਪ ਰਾਹੀਂ ਫਰੀ ਸਰਵਿਸ ਪਾਓ।
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਮੋ. 90410-14575 ਈ-ਮੇਲ : khetiduniyan1983@gmail.com

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 06**
**ਮਿਤੀ 10-02-2024**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab
Market, Gaushala Road, PATIALA &
Published at Patiala for Prop. JAGPREET SINGH


# ਮਨੁੱਖੀ-ਹਿਜਰਤ ਦਾ ਕਾਰਨ ਹੈ ਜਲਵਾਯੂ ਤਬਦੀਲੀ

ਉੱਤਰ-ਪੂਰਬ ਦੇ ਸਭ ਤੋਂ ਵੱਡੇ ਸੂਬੇ ਆਸਾਮ 'ਚ ਬ੍ਰਹਮਪੁੱਤਰ ਨਦੀ ਦੀਆਂ ਤੇਜ਼ ਧਰਾਵਾਂ

**ਪੰਕਜ ਚਤੁਰਵੇਦੀ**

ਦਰਮਿਆਨ ਸਥਿਤ ਮਾਜੁਲੀ ਟਾਪੂ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਨਦੀ ਖਾ ਜਾਂਦੀ ਹੈ। ਸੰਨ 1951 'ਚ ਇਹ ਟਾਪੂ ਲਗਭਗ 1250 ਵਰਗ ਕਿਲੋਮੀਟਰ 'ਚ ਫੈਲਿਆ ਸੀ ਅਤੇ ਆਬਾਦੀ 81,000 ਸੀ।

ਅਗਲੇ 60 ਸਾਲਾਂ ਦੌਰਾਨ, ਆਬਾਦੀ ਦੁੱਗਣੀ ਤੋਂ ਵੀ ਜ਼ਿਆਦਾ ਵੱਧ ਕੇ 1,67,000 ਹੋ ਗਈ ਪਰ ਟਾਪੂ ਦੋ-ਤਿਹਾਈ ਘੱਟ ਹੋ ਗਿਆ ਸੀ। 1950 ਅਤੇ 2016 ਦਰਮਿਆਨ, ਮਾਜੁਲੀ ਦੇ 210 ਪਿੰਡਾਂ 'ਚੋਂ 107 ਪਿੰਡ ਅੰਸ਼ਿਕ ਤੌਰ 'ਤੇ ਜਾਂ ਪੂਰੀ ਤਰ੍ਹਾਂ ਨਦੀ ਦੀ ਭੇਟ ਚੜ੍ਹ ਗਏ। ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਹਿਮਾਲਿਆ ਤੋਂ ਪਿਘਲਦੇ ਗਲੇਸ਼ੀਅਰਾਂ ਦੇ ਨਾਲ-ਨਾਲ ਬ੍ਰਹਮਪੁੱਤਰ 'ਚ ਡੁੱਬਣ ਦੀ ਤੇਜ਼ ਹੁੰਦੀ ਪ੍ਰਕਿਰਿਆ ਕਾਰਨ 2040 ਤੱਕ ਮਾਜੁਲੀ ਅਲੋਪ ਹੋ ਸਕਦਾ ਹੈ।

ਇੱਥੋਂ ਹਰ ਸਾਲ ਕਈ ਹਜ਼ਾਰ ਲੋਕ ਹਿਜ਼ਰਤ ਕਰਦੇ ਹਨ-ਪਹਿਲਾਂ ਇਸੇ ਟਾਪੂ ਦੇ ਕਿਸੇ ਸੁਰੱਖਿਅਤ ਸਥਾਨ 'ਤੇ, ਫਿਰ ਗੁਹਾਟੀ-ਕੋਲਕਾਤਾ ਜਾਂ ਉਸ ਤੋਂ ਵੀ ਅੱਗੇ। ਜਲਵਾਯੂ ਤਬਦੀਲੀ, ਕਿਸ ਤਰ੍ਹਾਂ ਭਾਰਤ 'ਚ ਇਕ ਭਿਆਨਕ ਮਨੁੱਖੀ-ਹਿਜਰਤ ਦਾ ਕਾਰਨ ਹੈ, ਇਸ ਦੀ ਮਜ਼ਬੂਤ ਵੰਨਗੀ ਮਾਜੁਲੀ ਅਤੇ ਸੂਬੇ ਦੇ ਉਹ ਜ਼ਿਲ੍ਹੇ ਹਨ ਜਿੱਥੇ ਨਦੀਆਂ ਆਪਣੇ ਕਿਨਾਰਿਆਂ ਨੂੰ ਤੇਜ਼ੀ ਨਾਲ ਖੋਰ ਰਹੀਆਂ ਹਨ ਅਤੇ ਖੇਤੀ 'ਤੇ ਨਿਰਭਰ ਲੋਕ ਦੇਖਦੇ ਹੀ ਦੇਖਦੇ ਭੂਮੀਹੀਣ ਹੋ ਜਾਂਦੇ ਹਨ ਅਤੇ ਫਿਰ ਕਿਸੇ ਸਸਤੀ ਕਿਰਤ ਦੀ ਭੱਠੀ 'ਚ ਇਸਤੇਮਾਲ ਹੁੰਦੇ ਹਨ।

ਬਦਕਿਸਮਤੀ ਹੈ ਕਿ ਸਾਡੇ ਦੇਸ਼ 'ਚ ਅਜੇ ਤੱਕ ਜਲਵਾਯੂ-ਹਿਜਰਤ ਸ਼ਬਦ ਨੂੰ ਲੈ ਕੇ ਕੋਈ ਨੀਤੀ ਨਹੀਂ ਬਣੀ, ਜੀ-20 ਸੰਮੇਲਨ 'ਚ ਵੀ ਇਸ ਵਿਸ਼ੇ 'ਤੇ ਕੋਈ ਠੋਸ ਚਰਚਾ ਨਹੀਂ ਹੋਈ। ਮਨੁੱਖੀ ਹਿਜਰਤ ਸਿਰਫ ਮਨੁੱਖ-ਕਿਰਤ ਦਾ ਤਬਾਦਲਾ ਨਹੀਂ ਹੁੰਦਾ, ਉਸ ਨਾਲ ਬਹੁਤ ਸਾਰਾ ਲੋਕ-ਗਿਆਨ, ਮਨੁੱਖੀ ਸੱਭਿਅਤਾ, ਰਵਾਇਤੀ ਜੈਵਿਕ ਵਿਭਿੰਨਤਾ ਦਾ ਵੀ ਅੰਤ ਹੋ ਜਾਂਦਾ ਹੈ।




ਦੇਸ਼ ਦੀ ਸਭ ਤੋਂ ਵੱਡੀ ਮੈਨਗਰੋਵ ਅਤੇ ਰਾਇਲ ਬੰਗਾਲ ਟਾਈਗਰ ਦੇ ਪ੍ਰਵਾਸ ਲਈ ਮਸ਼ਹੂਰ ਸੁੰਦਰਬਨ ਤੇ ਸਿਮਟਣ ਅਤੇ ਉਸ ਦਾ ਅਸਰ ਗੰਗਾ ਨਦੀ ਦੇ ਸਮੁੰਦਰ 'ਚ ਮਿਲਨ ਸਥਾਨ ਗੰਗਾ-ਸਾਗਰ ਤੱਕ ਪੈਣ ਦੀ ਸਭ ਤੋਂ ਭਿਆਨਕ ਤ੍ਰਾਸਦੀ ਕਈ ਹਜ਼ਾਰ ਸਾਲ ਤੋਂ ਵਸੇ ਲੋਕਾਂ ਦਾ ਆਪਣਾ ਘਰ-ਖੇਤ ਛੱਡਣ ਨੂੰ ਮਜ਼ਬੂਰ ਹੋਣਾ ਹੈ। ਸੁੰਦਰਬਨ ਦਾ ਲੋਹਾਚਾਰਾ ਟਾਪੂ 1999 'ਚ ਗਾਇਬ ਹੋ ਗਿਆ ਜਦਕਿ ਬੰਗਾਲ ਦੀ ਖਾੜੀ ਤੋਂ ਲਗਭਗ 30 ਕਿਲੋਮੀਟਰ ਉੱਤਰ 'ਚ ਘੋਰਮਾਰਾ 'ਚ ਪਿਛਲੇ ਕੁਝ ਦਹਾਕਿਆਂ 'ਚ ਬੇਮਿਸਾਲ ਭੂਮੀ-ਖੋਰਾ ਦੇਖਿਆ ਗਿਆ। ਇਹ 26 ਵਰਗ ਕਿਲੋ ਮੀਟਰ ਤੋਂ ਘੱਟ ਕੇ ਲਗਭਗ 6.7 ਵਰਗ ਕਿਲੋਮੀਟਰ ਰਹਿ ਗਿਆ ਹੈ। ਪਿਛਲੇ 4 ਦਹਾਕਿਆਂ ਦੌਰਾਨ ਕਟਾਅ ਤੇਜ਼ੀ ਨਾਲ ਹੋਇਆ ਹੈ, 2011 'ਚ ਇੱਥੋਂ ਦੀ ਆਬਾਦੀ 40,000 ਦੇ ਆਸ-ਪਾਸ ਸੀ, ਜੋ ਹੁਣ ਸਿਰਫ 5193 ਰਹਿ ਗਈ ਹੈ।

ਸਾਡੇ ਤੱਟੀ ਇਲਾਕੇ, ਜਿੱਥੇ ਲਗਭਗ 17 ਕਰੋੜ ਲੋਕ ਰਹਿੰਦੇ ਹਨ, ਬਦਲਦੇ ਜਲਵਾਯੂ ਦੀ ਮਾਰ 'ਚ ਲੋਕ ਸਭ ਤੋਂ ਅੱਗੇ ਹਨ। ਇੱਥੇ ਉਨ੍ਹਾਂ ਨੂੰ ਸਮੁੰਦਰ ਦੇ ਜਲ-ਪੱਧਰ 'ਚ ਵਾਧਾ, ਕਟਾਅ ਅਤੇ ਊਸ਼ਣਕਟਬੰਧੀ ਤੂਫਾਨ ਅਤੇ ਚੱਕਰਵਾਤ ਵਰਗੀਆਂ ਕੁਦਰਤੀ ਆਫਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੰਗਾਲ ਦੀ ਖਾੜੀ 'ਚ ਹੁਣ ਤੱਕ ਦਾ ਸਭ ਤੋਂ ਸ਼ਕਤੀਸ਼ਾਲੀ ਤੂਫਾਨ-ਚੱਕਰਵਾਤ ਅੰਫਾਨ ਆਇਆ, ਜਿਸ ਨਾਲ ਕਈ ਲੱਖ ਲੋਕਾਂ ਨੂੰ ਘਰ ਖਾਲੀ ਕਰਨ ਲਈ ਮਜ਼ਬੂਰ ਹੋਣਾ ਪਿਆ। ਸਭ ਤੋਂ ਵੱਧ ਖਤਰਨਾਕ ਕਟਾਅ ਸਮੁੰਦਰੀ ਕਿਨਾਰਿਆਂ ਦਾ ਹੈ ਜੋ ਪਿੰਡਾਂ ਦੇ ਪਿੰਡ ਨਿਗਲ ਰਿਹਾ ਹੈ।

**ਭਾਰਤ 'ਚ ਹੜ੍ਹ ਅਤੇ ਤੂਫਾਨ ਨੇ ਬੀਤੇ 6 ਸਾਲਾਂ 'ਚ 67 ਲੱਖ ਬੱਚਿਆਂ ਨੂੰ ਘਰੋਂ ਬੇਘਰ ਕਰ ਦਿੱਤਾ ਹੈ। ਇਹ ਬੱਚੇ ਸਕੂਲ ਛੱਡਣ ਲਈ ਮਜ਼ਬੂਰ ਹੋਏ ਹਨ। ਯੂਨੀਸੇਫ ਅਤੇ ਇੰਟਰਨਲ ਡਿਸਪਲੇਸਮੈਂਟ ਮਾਨੀਟਰਿੰਗ ਸੈਂਟਰ ਦੇ ਸਾਲ 2016 ਤੋਂ 2021 ਤੱਕ ਕੀਤੇ ਗਏ ਅਧਿਐਨ ਤੋਂ ਇਹ ਖਾਲਸਾ ਹੋਇਆ ਹੈ। ਭਾਰਤ, ਚੀਨ ਅਤੇ ਫਿਲੀਪੀਨਜ਼ 'ਚ 2.23 ਕਰੋੜ ਬੱਚੇ ਦਰ-ਬ-ਦਰ ਹੋਏ ਹਨ। ਇਨ੍ਹਾਂ ਦੇਸ਼ਾਂ 'ਚ ਬੱਚਿਆਂ ਦੇ ਬੇਘਰ ਹੋਣ ਪਿੱਛੇ ਭੂਗੋਲਿਕ ਸਥਿਤੀ ਜਿਵੇਂ ਮਾਨਸੂਨ ਦਾ ਮੀਂਹ, ਚੱਕਰਵਾਤ ਅਤੇ ਮੌਸਮ ਦੀਆਂ ਵਧਦੀਆਂ ਘਟਨਾਵਾਂ ਵੀ ਹਨ।**


ਇਹ ਕਿਸੇ ਤੋਂ ਲੁਕਿਆ ਨਹੀਂ ਹੈ ਕਿ ਜਲਵਾਯੂ ਤਬਦੀਲੀ ਜਾਂ ਮੰਦਪ੍ਰਭਾਵ ਸਾਡੇ ਇੱਥੇ ਖਰਾਬ ਮੌਸਮ, ਚੱਕਰਵਾਤਾਂ ਦੀ ਵਧਦੀ ਗਿਣਤੀ, ਬਿਜਲੀ ਡਿੱਗਣ, ਤੇਜ਼ ਲੂ ਅਤੇ ਇਸ ਨਾਲ ਜੁੜੇ ਖੇਤੀ 'ਚ ਬਦਲਾਅ, ਰਿਹਾਇਸ਼-ਭੋਜਨ ਵਰਗੀਆਂ ਦਿੱਕਤਾਂ ਦੇ ਤੌਰ 'ਤੇ ਸਾਹਮਣੇ ਆ ਰਿਹਾ ਹੈ। ਵਿਸ਼ਵ ਪੱਧਰ 'ਤੇ ਖਰਾਬ ਮੌਸਮ ਕਾਰਨ ਹਿਜਰਤ ਦਾ ਸਭ ਤੋਂ ਵੱਧ ਖਮਿਆਜ਼ਾ ਔਰਤਾਂ ਅਤੇ ਬੱਚਿਆਂ ਨੂੰ ਭੋਗਣਾ ਪੈਂਦਾ ਹੈ।

ਭਾਰਤ 'ਚ ਹੜ੍ਹ ਅਤੇ ਤੂਫਾਨ ਨੇ ਬੀਤੇ 6 ਸਾਲਾਂ 'ਚ 67 ਲੱਖ ਬੱਚਿਆਂ ਨੂੰ ਘਰੋਂ ਬੇਘਰ ਕਰ ਦਿੱਤਾ ਹੈ। ਇਹ ਬੱਚੇ ਸਕੂਲ ਛੱਡਣ ਲਈ ਮਜ਼ਬੂਰ ਹੋਏ ਹਨ। ਯੂਨੀਸੇਫ ਅਤੇ ਇੰਟਰਨਲ ਡਿਸਪਲੇਸਮੈਂਟ ਮਾਨੀਟਰਿੰਗ ਸੈਂਟਰ ਦੇ ਸਾਲ 2016 ਤੋਂ 2021 ਤੱਕ ਕੀਤੇ ਗਏ ਅਧਿਐਨ ਤੋਂ ਇਹ ਖਾਲਸਾ ਹੋਇਆ ਹੈ। ਭਾਰਤ, ਚੀਨ ਅਤੇ ਫਿਲੀਪੀਨਜ਼ 'ਚ 2.23 ਕਰੋੜ ਬੱਚੇ ਦਰ-ਬ-ਦਰ ਹੋਏ ਹਨ। ਇਨ੍ਹਾਂ ਦੇਸ਼ਾਂ 'ਚ ਬੱਚਿਆਂ ਦੇ ਬੇਘਰ ਹੋਣ ਪਿੱਛੇ ਭੂਗੋਲਿਕ ਸਥਿਤੀ ਜਿਵੇਂ ਮਾਨਸੂਨ ਦਾ ਮੀਂਹ, ਚੱਕਰਵਾਤ ਅਤੇ ਮੌਸਮ ਦੀਆਂ ਵਧਦੀਆਂ ਘਟਨਾਵਾਂ ਵੀ ਹਨ। ਭਾਰਤ 'ਚ ਹੜ੍ਹ ਕਾਰਨ 39 ਲੱਖ, ਤੂਫਾਨ ਕਾਰਨ 28 ਲੱਖ ਅਤੇ ਸੋਕੇ ਕਾਰਨ 20 ਹਜ਼ਾਰ ਬੱਚੇ ਦਰ-ਬ-ਦਰ ਹੋਏ ਹਨ।



ਭਾਰਤ 'ਚ, 2011 ਦੀ ਮਰਦਮਸ਼ੁਮਾਰੀ ਅਨੁਸਾਰ ਲਗਭਗ 45 ਕਰੋੜ ਲੋਕ ਪ੍ਰਵਾਸੀ ਹੋਏ ਜਿਨ੍ਹਾਂ 'ਚੋਂ 64 ਫੀਸਦੀ ਪੇਂਡੂ ਇਲਾਕਿਆਂ 'ਚੋਂ ਸਨ। ਪ੍ਰਵਾਸੀਆਂ ਦਾ ਇਕ ਵੱਡਾ ਹਿੱਸਾ ਘੱਟ ਆਮਦਨ ਵਾਲੇ ਸੂਬਿਆਂ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ (ਸੂਬੇ ਤੋਂ ਬਾਹਰ ਹੋਣ ਵਾਲੇ ਕੁੱਲ ਪ੍ਰਵਾਸ ਦਾ 36 ਫੀਸਦੀ) ਰਿਹਾ। ਇਹ ਦੋਵੇਂ ਸੂਬੇ ਦੱਖਣੀ ਏਸ਼ੀਆ ਦੇ ਸਭ ਤੋਂ ਵੱਧ ਖੇਤੀ ਵਾਲੇ ਗੰਗਾ ਖੇਤਰ ਦੇ ਹਨ। ਘਰ ਛੱਡ ਕੇ ਜਾਣ ਵਾਲੇ ਕੁਝ ਲੋਕ ਤਾਂ ਸਿਰਫ ਥੋੜ੍ਹੇ ਦਿਨਾਂ ਲਈ ਕੰਮ ਕਰਨ ਗਏ ਪਰ ਜ਼ਿਆਦਾਤਰ ਦੀ ਹਿਜਰਤ ਪੱਕੇ ਤੌਰ 'ਤੇ ਹੋਈ।

ਇਹ ਆਬਾਦੀ ਮੁੱਖ ਤੌਰ 'ਤੇ ਹਾਸ਼ੀਏ 'ਤੇ ਰਹਿਣ ਵਾਲੇ ਲੋਕਾਂ ਦੀ ਸੀ ਜੋ ਖੇਤੀਬਾੜੀ 'ਤੇ ਨਿਰਭਰ ਸਨ। ਸਮਝਣਾ ਪਵੇਗਾ ਕਿ ਗੰਗਾ ਖੇਤਰ ਭਾਰਤ ਦਾ ਸਭ ਤੋਂ ਸੰਘਣੀ ਆਬਾਦੀ ਵਾਲਾ ਖੇਤਰ ਹੈ ਜਿੱਥੇ ਲਗਭਗ 64 ਕਰੋੜ ਲੋਕ ਗਰੀਬੀ 'ਚ ਰਹਿੰਦੇ ਹਨ। ਹਾਲ ਦੇ ਦਹਾਕੇ ਦੌਰਾਨ ਇਨ੍ਹਾਂ ਖੇਤਰਾਂ 'ਚ ਹਿਜਰਤ ਦੀ ਗਤੀ ਤੇਜ਼ ਹੋ ਗਈ ਹੈ ਅਤੇ ਇਹ ਰੁਝਾਨ ਭਵਿੱਖ 'ਚ ਵੀ ਜਾਰੀ ਰਹਿਣ ਦੀ ਸੰਭਾਵਨਾ ਹੈ।



# ਝੋਨੇ ਵਿੱਚ ਹਰੇ ਇਨਕਲਾਬ ਦੇ ਰਚੇਤਾ ਨੂੰ ਚਾਰ ਕਰੋੜੀ ਇਨਾਮ


ਡਾ. ਗੁਰਦੇਵ ਸਿੰਘ ਖੁਸ਼ ਜਿਹੜੇ ਸੰਸਾਰ ਦੇ ਪ੍ਰਮੁੱਖ ਝੋਨਾ ਵਿਗਿਆਨੀ ਹਨ ਨੇ 33 ਸਾਲ ਫਿਲਪੀਨਜ਼ ਸਥਿਤ ਅੰਤਰਰਾਸ਼ਟਰੀ ਝੋਨਾ ਖੋਜ ਸੰਸਥਾ (ਇਰੀ) ਵਿਚ ਝੋਨਾ ਖੋਜ ਦੀ ਅਗਵਾਈ ਕੀਤੀ। ਪਿਛਲੇ ਤਿੰਨ ਦਹਾਕਿਆਂ ਦੌਰਾਨ ਡਾ. ਖੁਸ਼ ਹੋਰਾਂ ਵਲੋਂ ਵਿਕਸਤ ਕੀਤੀਆਂ ਵੱਧ ਝਾੜ ਦੇਣ ਅਤੇ ਬਿਮਾਰੀਆਂ ਦਾ ਟਾਕਰਾ ਕਰਨ ਵਾਲੀਆਂ ਝੋਨੇ ਦੀਆਂ ਕਿਸਮਾਂ ਸਦਕਾ ਸੰਸਾਰ ਵਿਚ ਚੌਲਾਂ ਦੀ ਉਪਜ ਦੁਗਣੀ ਹੋ ਗਈ ਹੈ ਜਿਸ ਨਾਲ ਕਰੋੜਾਂ ਲੋਕਾਂ ਨੂੰ ਭੁੱਖਮਰੀ ਤੋਂ ਬਚਾਇਆ ਜਾ ਸਕਿਆ ਹੈ। ਸੰਸਾਰ ਦੀ ਅੱਧੀਉਂ ਵੱਧ ਵਸੋਂ ਦੀ ਮੁੱਖ ਖੁਰਾਕ ਹੋਣ ਕਾਰਨ ਚੌਲਾਂ ਨੂੰ ਜੀਵਨ, ਦੌਲਤ ਅਤੇ ਉਤਪਤੀ ਦਾ ਚਿੰਨ੍ਹ ਮੰਨਿਆ ਜਾਂਦਾ ਹੈ। ਉਨ੍ਹਾਂ ਦੀ ਇਸ ਇਤਿਹਾਸਕ ਦੇਣ ਲਈ ਵੀਅਤਨਾਮ ਵਿਖੇ ਵਿਨਫਿਊਚਰ ਫਾਉਂਡੇਸ਼ਨ ਨੇ ਇਸ ਵਰ੍ਹੇ ਦਾ ਆਪਣਾ 5 ਲੱਖ ਡਾਲਰ ਵਾਲਾ ਇਨਾਮ ਡਾ. ਖੁਸ਼ ਨੂੰ ਦੇਣ ਦਾ ਫੈਸਲਾ ਕੀਤਾ ਹੈ।

ਡਾ. ਖੁਸ਼ ਨੇ 1967 ਵਿਚ ਝੋਨਾ ਖੋਜ ਸੰਸਥਾ ਵਿਚ ਬਤੌਰ ਪਲਾਂਟ ਬਰੀਡਰ ਨੌਕਰੀ ਸ਼ੁਰੂ ਕੀਤੀ ਅਤੇ 1972 ਵਿਚ ਆਪਣੇ ਵਿਭਾਗ ਦੇ ਮੁੱਖੀ ਬਣ ਗਏ। ਇਸ ਸੰਸਥਾ ਵਲੋਂ ਉਨ੍ਹਾਂ ਨੂੰ 1986 ਵਿਚ ਪ੍ਰਮੁੱਖ ਵਿਗਿਆਨੀ ਬਣਾ ਦਿੱਤਾ ਗਿਆ। ਜਦੋਂ ਤੋਂ ਡਾ. ਖੁਸ਼ ਇਸ ਸੰਸਥਾ ਵਿਚ ਆਏ ਉਨ੍ਹਾਂ ਝੋਨੇ ਦੀਆਂ ਅਜੇਹੀਆਂ ਕਿਸਮਾਂ ਵਿਕਸਤ ਕਰਨ ਦੇ ਪ੍ਰੋਗਰਾਮ ਦੀ ਅਗਵਾਈ ਕੀਤੀ ਜਿਨ੍ਹਾਂ ਦਾ ਝਾੜ ਵਧ, ਪੱਕਣ ਸਮਾਂ ਘੱਟ, ਚੌਲ ਵਧੀਆ ਅਤੇ ਉਨ੍ਹਾਂ ਵਿਚ ਕੀੜੇ ਤੇ ਬਿਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ ਹੋਵੇ। ਹੁਣ ਤੀਕ ਡਾ. ਖੁਸ਼ ਵਲੋਂ ਕੀਤੇ ਕੰਮ ਉਤੇ ਆਧਾਰਿਤ 300 ਤੋਂ ਵੀ ਵੱਧ ਨਵੀਆਂ ਕਿਸਮਾਂ ਵੱਖ-ਵੱਖਰੇ ਦੇਸ਼ਾਂ ਵਿਚ ਕਾਸ਼ਤ ਲਈ ਕਿਸਾਨਾਂ ਨੂੰ ਦਿੱਤੀਆਂ ਜਾ ਚੁੱਕੀਆਂ ਹਨ।

ਜਦੋਂ ਵੀ ਤੁਸੀਂ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਝੋਨੇ ਦੇ ਕਿਸੇ ਖੇਤ ਕੋਲੋਂ ਲੰਘਦੇ ਹੋ ਤਾਂ ਤੁਸੀਂ ਡਾ. ਖੁਸ਼ ਦੀ ਵਿਕਸਤ ਕੀਤੀ ਹੋਈ ਕਿਸਮ ਨੂੰ ਹੀ ਵੇਖਦੇ ਹੋ। ਇਹ ਠੀਕ ਹੀ ਆਖਿਆ ਗਿਆ ਹੈ ਕਿ ਏਸ਼ੀਆ ਵਿਚ ਕਰੋੜਾਂ ਲੋਕ ਭੁੱਖ ਮਰੀ ਨਾਲ ਮਰ ਜਾਂਦੇ ਜੇਕਰ ਝੋਨੇ ਦੀ ਪੈਦਾਵਾਰ ਦੁੱਗਣੀ ਨਾ ਹੋ ਗਈ ਹੁੰਦੀ। ਏਸ਼ੀਆ ਵਿਚ ਜਿਹੜਾ ਵਿਕਾਸ ਵੇਖਣ ਨੂੰ ਮਿਲ ਰਿਹਾ ਹੈ ਸ਼ਾਇਦ ਇਹ ਕਦੇ ਵੀ ਨਾ ਹੁੰਦਾ ਜੇਕਰ ਇਹ ਦੇਸ਼ ਅਨਾਜ ਵਿਚ ਆਤਮ ਨਿਰਭਰ ਹੋ ਕੇ ਭੁੱਖਮਰੀ ਤੋਂ ਬੇਫਿਕਰ ਨਾ ਹੋ ਗਏ ਹੁੰਦੇ।

ਗੁਰਦੇਵ ਸਿੰਘ ਖੁਸ਼ ਪੰਜਾਬ ਦੇ ਇਕ ਨਿੱਕੇ ਜਿਹੇ ਪਿੰਡ ਰੁੜਕੀ (ਜ਼ਿਲ੍ਹਾ ਜਲੰਧਰ) ਦੇ ਰਹਿਣ ਵਾਲੇ ਹਨ। ਮਾਪਿਆਂ ਦੀ ਪਹਿਲੀ ਸੰਤਾਨ ਹੋਣ ਕਰਕੇ ਰਵਾਇਤੀ ਅਨੁਸਾਰ ਉਨ੍ਹਾਂ ਦਾ ਜਨਮ ਆਪਣੇ ਨਾਨਕੇ ਪਿੰਡ ਖਟਕੜਕਲਾਂ (ਜ਼ਿਲ੍ਹਾ ਜਲੰਧਰ) ਜਿਹੜਾ ਸ਼ਹੀਦ ਭਗਤ ਸਿੰਘ ਹੋਰਾਂ ਦਾ ਜੱਦੀ ਪਿੰਡ ਹੈ, ਵਿਖੇ 22 ਅਗਸਤ, 1935 ਨੂੰ ਹੋਇਆ। ਉਨ੍ਹਾਂ ਦੇ ਪਿਤਾ ਸ. ਕਰਤਾਰ ਸਿੰਘ ਕੂਨਰ ਪਿੰਡ ਵਿਚੋਂ ਪਹਿਲੇ ਵਿਅਕਤੀ ਸਨ, ਜਿਨ੍ਹਾਂ ਦਸਵੀਂ ਪਾਸ ਕੀਤੀ। ਉਨ੍ਹਾਂ ਦੀ ਖਾਹਿਸ਼ ਸੀ ਕਿ ਬੱਚੇ ਉਚੇਰੀ ਵਿਦਿਆ ਪ੍ਰਾਪਤ ਕਰਨ। ਡਾ. ਗੁਰਦੇਵ ਸਿੰਘ ਵਿਚ ਪੜ੍ਹਾਈ ਦੀ ਲਗਨ ਲਗਾਉਣ ਵਾਲੇ ਉਨ੍ਹਾਂ ਦੇ ਪਿਤਾ ਜੀ ਹੀ ਸਨ। ਡਾ. ਖੁਸ਼ ਨੇ ਆਪ ਵੀ ਵੇਖਿਆ ਸੀ ਕਿ ਪੜ੍ਹੇ ਲਿਖੇ ਹੋਣ ਕਰਕੇ ਪਿੰਡ ਵਿਚ ਉਨ੍ਹਾਂ ਦੇ ਪਿਤਾ ਜੀ ਦਾ ਬਹੁਤ ਮਾਣ ਤੇ ਸਤਿਕਾਰ ਸੀ। ਬਾਲ ਗੁਰਦੇਵ ਨੇ ਮਿਹਨਤ ਨਾਲ ਪੜ੍ਹਾਈ ਕੀਤੀ ਤਾਂ ਜੋ ਉਹ ਵੱਡੇ ਹੋ ਕੇ ਸਮਾਜ ਦੇ ਭਲੇ ਲਈ ਕੁਝ ਕਰ ਸਕਣ। ਉਨ੍ਹਾਂ ਦੇ ਆਪਣੇ ਪਿੰਡ ਹਾਈ ਸਕੂਲ ਨਹੀਂ ਸੀ। ਉਹ ਰੋਜ਼ ਛੇ ਮੀਲ ਪੈਦਲ ਤੁਰ ਕੇ ਖਾਲਸਾ ਹਾਈ ਸਕੂਲ ਬੰਡਾਲਾ ਵਿਖੇ ਪੜ੍ਹਨ ਜਾਂਦੇ ਸਨ ਜਿਥੋਂ ਕਿ ਉਨ੍ਹਾਂ ਦਸਵੀਂ ਪਾਸ ਕੀਤੀ। ਆਪਣੀ ਮਿਹਨਤ ਅਤੇ ਲਗਨ ਸਦਕਾ ਉਹ ਆਪਣੇ ਸਕੂਲ ਵਿਚ ਪਹਿਲੇ ਨੰਬਰ ਉੱਤੇ ਰਹੇ। ਗੁਰਦੇਵ ਡਾਕਟਰ ਬਣਨਾ ਚਾਹੁੰਦਾ ਸੀ ਪਰ ਉਨ੍ਹਾਂ ਦੇ ਪਿਤਾ ਜੀ ਚਾਹੁੰਦੇ ਸਨ ਕਿ ਉਹ ਖੇਤੀਬਾੜੀ ਕਾਲਿਜ ਵਿਚ ਦਾਖਲ ਹੋਵੇ ਤਾਂ ਜੋ ਕਿਸਾਨਾਂ ਦੇ ਭਲੇ ਲਈ ਕੰਮ ਕਰ ਸਕੇ, ਜਿਨ੍ਹਾਂ ਦੀ ਗਰੀਬੀ ਅਤੇ ਸਖਤ ਮਿਹਨਤ ਨੂੰ ਉਹ ਨਿਤ ਵੇਖਦੇ ਸਨ। ਆਪਣੇ ਪਿਤਾ ਜੀ ਦੀ ਖਾਹਿਸ਼ ਅਨੁਸਾਰ ਦਸਵੀਂ ਪਿਛੋਂ ਗੁਰਦੇਵ ਲੁਧਿਆਣੇ ਸਥਿਤ ਸਰਕਾਰੀ ਖੇਤੀਬਾੜੀ ਕਾਲਜ ਵਿਚ ਦਾਖਲਾ ਹੋ ਗਿਆ। ਕਾਲਜ ਵਿਚ ਵੀ ਪੂਰੀ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕੀਤੀ ਅਤੇ ਹਮੇਸ਼ਾ ਪਹਿਲੇ ਤਿੰਨ ਵਿਦਿਆਰਥੀਆਂ ਵਿਚ ਰਿਹਾ। ਕਾਲਜ ਵਿਚੋਂ ਉਨ੍ਹਾਂ ਬੀ. ਐਸ. ਸੀ. (ਐਗਰੀ) ਦੀ ਡਿਗਰੀ 1955 ਵਿਚ ਪ੍ਰਾਪਤ ਕੀਤੀ ਅਤੇ ਉਨ੍ਹਾਂ ਦਾ ਮੁੱਖ ਵਿਸ਼ਾ ਪਲਾਂਟ ਬਰੀਡਿੰਗ ਸੀ। ਉਨ੍ਹਾਂ ਨੂੰ ਇਸ ਕਾਲਜ ਦੇ ਸਰਵਪੱਖੀ ਵਧੀਆ ਵਿਦਿਆਰਥੀ ਹੋਣ ਦਾ ਸਨਮਾਨ ਪ੍ਰਾਪਤ ਹੋਇਆ। ਉਨ੍ਹਾਂ ਨੂੰ ਜੀਵਨ ਵਿਚ ਖੇਤੀ ਦੀ ਪੜ੍ਹਾਈ ਕਰਨ ਦਾ ਕਦੇ ਅਫਸੋਸ ਨਹੀਂ ਹੋਇਆ, ਕਿਉਂਕਿ ਜਿਹੜੀਆਂ ਬੁਲੰਦੀਆਂ ਉਨ੍ਹਾਂ ਨੇ ਬਤੌਰ ਖੇਤੀ ਵਿਗਿਆਨੀ ਛੋਹੀਆਂ ਹਨ ਸ਼ਾਇਦ ਡਾਕਟਰ ਬਣ ਕੇ ਅਜੇਹਾ ਨਾ ਹੋ ਸਕਦਾ। ਸਾਰੇ ਹੁਸ਼ਿਆਰ ਵਿਦਿਆਰਥੀਆਂ ਦੀ ਇਹੋ ਲੋਚਾ ਰਹਿੰਦੀ ਸੀ ਕਿ ਅਮਰੀਕਾ ਵਿਚ ਜਾ ਕੇ ਉਚੇਰੀ ਪੜ੍ਹਾਈ ਕੀਤੀ ਜਾਵੇ। ਉਨ੍ਹਾਂ ਵਾਂਗ ਹੀ ਗੁਰਦੇਵ ਸਿੰਘ ਹੋਰੀਂ ਵੀ ਇਹੋ ਚਾਹੁੰਦੇ ਸਨ ਕਿ ਅਮਰੀਕਾ ਦੀ ਕਿਸੇ ਪ੍ਰਸਿੱਧ ਯੂਨੀਵਰਸਿਟੀ ਵਿਚ ਉਚੇਰੀ ਪੜ੍ਹਾਈ ਕੀਤੀ ਜਾਵੇ। ਪਰ ਉਨ੍ਹਾਂ ਕੋਲ ਅਮਰੀਕਾ ਜਾਣ ਲਈ ਪੈਸੇ ਨਹੀਂ ਸਨ।

ਖੁਸ਼ਕਿਸਮਤੀ ਨਾਲ ਉਨ੍ਹਾਂ ਦਿਨਾਂ ਵਿਚ ਇੰਗਲੈਂਡ ਨੇ ਆਪਣੇ ਦਰਵਾਜ਼ੇ ਭਾਰਤੀਆਂ ਲਈ ਖੋਹਲੇ ਸਨ, ਕਿਉਂਕਿ, ਉਥੇ ਮਜ਼ਦੂਰਾਂ ਦੀ ਘਾਟ ਹੋ ਗਈ ਸੀ। ਇਸ ਮੌਕੇ ਦਾ ਲਾਭ ਉਠਾਂਦਿਆਂ ਹੋਇਆਂ ਗੁਰਦੇਵ ਹੋਰਾਂ ਵੀ ਇੰਗਲੈਂਡ ਜਾਣ ਦਾ ਫੈਸਲਾ ਕੀਤਾ। ਭਾਵੇਂ ਉਨ੍ਹਾਂ ਦੇ ਪਿਤਾ ਜੀ ਪਿੰਡ ਵਿਚ ਚੰਗੇ ਖਾਂਦੇ ਪੀਂਦੇ ਮੰਨੇ ਜਾਂਦੇ ਸਨ ਪਰ ਉਨ੍ਹਾਂ ਕੋਲ ਵੀ ਇਤਨੇ ਪੈਸੇ ਨਹੀਂ ਸਨ ਕਿ ਉਹ ਆਪਣੇ ਪੁੱਤਰ ਦੀ ਇੰਗਲੈਂਡ ਦੀ ਟਿਕਟ ਖਰੀਦ ਸਕਦੇ। ਗੁਰਦੇਵ ਹੋਰਾਂ ਦਾ ਵਿਦੇਸ਼ ਜਾਣ ਦਾ ਦ੍ਰਿੜ ਇਰਾਦਾ ਸੀ। ਉਨ੍ਹਾਂ ਨੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਲਏ ਤੇ ਇੰਗਲੈਂਡ ਪੁੱਜ ਗਏ। ਉਨ੍ਹਾਂ ਦਾ ਅਸਲ




ਡਾ. ਰਣਜੀਤ ਸਿੰਘ

ਨਿਸ਼ਾਨਾ ਤਾਂ ਅਮਰੀਕਾ ਪੁੱਜਣਾ ਹੀ ਸੀ। ਇਸ ਕਰਦੇ ਉਨ੍ਹਾਂ ਨੇ ਡੇਢ ਸਾਲ ਇੰਗਲੈਂਡ ਰੱਜ ਕੇ ਮਿਹਨਤ ਕੀਤੀ ਜਿਸ ਨਾਲ ਉਹ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਦਾ ਕਰਜ਼ਾ ਹੀ ਨਾ ਮੋੜ ਸਕੇ ਸਗੋਂ ਅਮਰੀਕਾ ਦੀ ਟਿਕਟ ਖਰੀਦਣ ਜੋਗੇ ਪੈਸੇ ਵੀ ਜੋੜ ਲਏ ਅਤੇ ਉਚੇਰੀ ਪੜ੍ਹਾਈ ਲਈ ਅਮਰੀਕਾ ਪੁੱਜ ਗਏ।

ਉਨ੍ਹਾਂ ਜੂਨ 1957 ਵਿਚ ਕੈਲੀਫੋਰਨੀਆ ਯੂਨੀਵਰਸਿਟੀ ਡੇਵਿਸ ਪੁਜ ਐਮ. ਐਸ. ਸੀ. ਜੈਨੇਟਿਕਸ ਵਿਚ ਦਾਖਲਾ ਲੈ ਲਿਆ। ਪਹਿਲੇ ਦੋ ਸਮੈਸਟਰਾਂ ਵਿਚ ਵਧੀਆ ਨੰਬਰ ਆਉਣ ਕਰਕੇ ਉਨ੍ਹਾਂ ਦੇ ਪ੍ਰੋਫੈਸਰ ਨੇ ਐਮ. ਐਸ. ਸੀ. ਕੀਤੇ ਬਗੈਰ ਸਿੱਧੇ ਹੀ ਪੀਐਚ. ਡੀ. ਕਰਨ ਦੀ ਆਗਿਆ ਦੇ ਦਿੱਤੀ। ਇੰਝ ਉਨ੍ਹਾਂ ਨੇ 1960 ਵਿਚ ਜੈਨੇਟਿਕਸ ਵਿਸ਼ੇ ਵਿਚ ਪੀਐਚ. ਡੀ. ਤਿੰਨ ਸਾਲ ਤੋਂ ਵੀ ਘੱਟ ਸਮੇਂ ਦੌਰਾਨ ਪ੍ਰਾਪਤ ਕਰ ਲਈ। ਉਸ ਸਮੇਂ ਉਨ੍ਹਾਂ ਦੀ ਉਮਰ ਮਸਾਂ 25 ਕੁ ਸਾਲ ਦੀ ਸੀ। ਪੜ੍ਹਾਈ ਪਿਛੋਂ ਉਨ੍ਹਾਂ ਨੂੰ ਉਸੇ ਯੂਨੀਵਰਸਿਟੀ ਵਿਚ ਨੌਕਰੀ ਮਿਲ ਗਈ, ਜਿਸ ਉੱਤੇ ਉਨ੍ਹਾਂ ਨੇ 1967 ਤੀਕ ਕੰਮ ਕੀਤਾ।

ਡਾ. ਖੁਸ਼ ਆਪਣੇ ਕਿੱਤੇ ਅਤੇ ਪਰਿਵਾਰਕ ਜੀਵਨ ਵਿਚ ਬਹੁਤ ਹੀ ਸਫਲ ਇਨਸਾਨ ਹਨ। ਆਪਣੀਆਂ ਪ੍ਰਾਪਤੀਆਂ ਅਤੇ ਸਫਲਤਾਵਾਂ ਦਾ ਕਾਰਨ ਉਹ ਸਹੀ ਕਿੱਤਾ, ਸਹੀ ਸਮੇਂ ਉੱਤੇ ਅਤੇ ਸਹੀ ਥਾਂ ਮਿਲਣ ਨੂੰ ਸਮਝਦੇ ਹਨ। ਚੁੱਪ ਚਪੀਤਾ, ਸਾਦ ਮੁਰਾਦਾ ਅਤੇ ਚਿਹਰੇ ਉੱਤੇ ਹਮੇਸ਼ਾਂ ਮੁਸਮਾਰਨ ਵਿਖੇਰੀ ਰੱਖਣ ਵਾਲਾ ਇਸ ਇਨਸਾਨ ਨੇ ਹਰ ਰੋਜ਼ ਘੱਟ ਘੱਟ 12 ਘੰਟੇ ਕੰਮ ਕੀਤਾ ਹੈ। ਉਹ ਆਖਦੇ ਹਨ ਕਿ ਇਨਸਾਨ ਕੋਲ ਸਮੇਂ ਦੀ ਘਾਟ ਹੈ ਜਦੋਂ ਕਿ ਉਸ ਦੇ ਦਿਮਾਗ ਦੀ ਥਾਹ ਅੱਥਾਹ ਹੈ। ਆਪਣੀ ਅੱਥਾਹ ਦਿਮਾਗੀ ਸ਼ਕਤੀ ਦੀ ਪੂਰੀ ਵਰਤੋਂ ਕਰਨ ਲਈ ਜ਼ਰੂਰੀ ਹੈ ਕਿ ਸਮੇਂ ਦਾ ਠੀਕ ਅਤੇ ਵੱਧ ਤੋਂ ਵੱਧ ਪ੍ਰਯੋਗ ਕੀਤਾ ਜਾਵੇ। ਜਿਹੜੇ ਇਨਸਾਨ ਆਪਣੀ ਮਦਦ ਆਪ ਕਰਦੇ ਹਨ, ਪ੍ਰਮਾਤਮਾ ਵੀ ਹਮੇਸ਼ਾ ਉਨ੍ਹਾਂ ਦੀ ਮਦਦ ਕਰਦਾ ਹੈ। ਮਿਹਨਤੀ, ਨੇਕ ਤੇ ਸੱਚੇ ਇਨਸਾਨ ਦੀ ਸਾਰੀ ਦੁਨੀਆਂ ਉਸਤਤ ਕਰਦੀ ਹੈ ਅਤੇ ਪ੍ਰਮਾਤਮਾ ਉਨ੍ਹਾਂ ਉੱਤੇ ਆਪਣੀ ਮਿਹਰ ਕਰਦਾ ਹੈ। ਇਸੇ ਮਿਹਰ ਸਦਕਾ ਡਾ. ਖੁਸ਼ ਨੇ ਆਪਣੀ ਸਾਰੀ ਨੌਕਰੀ



ਦੌਰਾਨ ਕਦੇ ਵੀ ਬੀਮਾਰੀ ਦੀ ਕੋਈ ਛੁੱਟੀ ਨਹੀਂ ਲਈ। ਆਪਣੇ ਧਾਰਮਿਕ ਅਕੀਦੇ ਉੱਤੇ ਚੱਲਣ ਵਾਲਾ ਇਹ ਇਨਸਾਰ ਹਮੇਸ਼ਾਂ 'ਚੜ੍ਹਦੀ ਕਲਾ ਵਿਚ ਰਹਿੰਦਿਆਂ 'ਸਰਬੱਤ ਦੇ ਭਲੇ' ਲਈ ਯਤਨਸ਼ੀਲ ਰਹਿੰਦਾ ਹੈ। ਆਪਣੀ ਸੇਵਾ ਮੁਕਤੀ ਪਿਛੋਂ ਵੀ ਉਹ ਕੈਲੇਫੋਰਨੀਆ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ।

ਪ੍ਰਸਿੱਧੀ ਦੀਆਂ ਬੁਲੰਦੀਆਂ ਉੱਤੇ ਪੁੱਜ ਕੇ ਵੀ ਡਾ. ਖੁਸ਼ ਆਪਣੀ ਧਰਤੀ ਅਤੇ ਮਿੱਟੀ ਨਾਲ ਜੁੜੇ ਹੋਏ ਹਨ। ਉਨ੍ਹਾਂ ਨੂੰ ਮਿਲੇ ਇਨਾਮੀ ਪੈਸਿਆਂ ਨਾਲ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਖੁਸ਼ ਫਾਉਂਡੇਸ਼ਨ ਬਣਾਈ ਹੈ। ਜਿਹੜੀ ਯੂਨੀਵਰਸਿਟੀ ਵਿਖੇ ਪੜ੍ਹਦੇ ਪੇਂਡੂ ਬੱਚਿਆ ਦੀ ਮਾਇਕ ਸਹਾਇਕ ਕਰਦੀ ਹੈ। ਨੌਜਵਾਨ ਵਿਗਿਆਨੀਆਂ ਨੂੰ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਜਾਣ ਲਈ ਵੀ ਮਾਇਕ ਸਹਾਇਤਾ ਦਿੱਤੀ ਜਾਂਦੀ ਹੈ। ਆਪਣੇ ਸਹਿਯੋਗੀ ਸਵਰਗਵਾਸੀ ਦਰਸ਼ਨ ਸਿੰਘ ਬਰਾੜ ਦੇ ਨਾਲ ਉੱਤੇ ਤਿੰਨ ਲੱਖ ਦਾ ਖੋਜ ਲਈ ਵਿਗਿਆਨੀਆਂ ਨੂੰ ਇਨਾਮ ਦਿੱਤਾ ਜਾਂਦਾ ਹੈ।

'ਖੁਸ਼' ਉਨ੍ਹਾਂ ਦਾ ਗੋਤ ਨਹੀਂ ਸਗੋਂ ਉਪਨਾਮ ਹੈ। ਉਨ੍ਹਾਂ ਦਾ ਗੋਤ ਕੂਨਰ ਹੈ। ਵਿਦਿਆਰਥੀ ਜੀਵਨ ਵਿਚ ਸਾਹਿਤਕ ਰੁਚੀਆਂ ਕਰਕੇ ਉਨ੍ਹਾਂ ਆਪਣਾ ਤਖੱਲਸ ਖੁਸ਼ ਰੱਖ ਲਿਆ ਸੀ। ਉਦੋਂ ਸ਼ਾਇਦ ਉਨ੍ਹਾਂ ਕਦੇ ਸੋਚਿਆ ਵੀ ਨਹੀਂ ਹੋਵੇਗਾ ਕਿ ਉਹ ਆਪਣਾ ਸਾਰਾ ਜੀਵਨ ਸੰਸਾਰ ਵਿਚੋਂ ਗਰੀਬੀ ਅਤੇ ਭੁੱਖ ਨੂੰ ਦੂਰ ਕਰਨ ਲਈ ਲਗਾ ਦੇਣਗੇ ਤਾਂ ਜੋ ਆਮ ਆਦਮੀ ਵੀ ਖੁਸ਼ੀ ਭਰਿਆ ਜੀਵਨ ਬਤੀਤ ਕਰ ਸਕੇ। ਆਪਣੇ ਦ੍ਰਿੜ ਇਰਾਦੇ ਅਤੇ ਮਿਹਨਤ ਸਦਕਾ ਉਹ ਕਰੋੜਾਂ ਲੋਕਾਂ ਦੀ ਝੋਲੀ ਖੁਸ਼ੀਆਂ ਪਾਉਣ ਵਿਚ ਸਫਲ ਹੋਏ ਹਨ।

ਉਨ੍ਹਾਂ ਵੱਲੋਂ ਕੀਤੇ ਮਹਾਨ ਕਾਰਜ ਨੂੰ ਮੁੱਖ ਰੱਖਦਿਆਂ ਸੰਸਾਰ ਦਾ ਕੋਈ ਵੀ ਅਜੇਹਾ ਇਨਾਮ ਸਨਮਾਨ ਨਹੀਂ ਹੈ ਜਿਹੜਾ ਕਿਸੇ ਖੇਤੀ ਵਿਗਿਆਨੀ ਨੂੰ ਮਿਲ ਸਕਦਾ ਹੋਵੇ ਉਹ ਡਾ. ਖੁਸ਼ ਨੂੰ ਨਾ ਮਿਲਿਆ ਹੋਵੇ। ਸੰਸਾਰ ਦੀਆਂ ਬਹੁਤ ਸਾਰੀਆਂ ਯੂਨੀਵਰਸਿਟੀਜ਼ ਵੱਲੋਂ ਉਨ੍ਹਾਂ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਨੂੰ ਅਮਰੀਕਾ, ਜਪਾਨ, ਇੰਗਲੈਂਡ, ਇਜ਼ਰਾਈਲ, ਚੀਨ, ਫਿਲੀਪੀਨ, ਈਰਾਨ, ਭਾਰਤ, ਪਾਕਿਸਤਾਨ ਆਦਿ ਬਹੁਤ ਸਾਰੇ ਦੇਸ਼ਾਂ ਨੇ ਆਪਣੇ ਉੱਚ ਸਨਮਾਨਾਂ ਨਾਲ ਉਨ੍ਹਾਂ ਦਾ ਸਨਮਾਨ ਕੀਤਾ ਹੈ। ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਪਦਮਸ਼੍ਰੀ ਨਾਲ ਸਨਮਾਇਆ ਗਿਆ ਹੈ। ਭੋਜਨ ਦੇ ਖੇਤਰ ਦਾ ਸਭ ਤੋਂ ਵੱਡਾ ਇਨਾਮ ਵਰਡ ਫੂਡ ਪਰਾਈਜ਼ ਉਨ੍ਹਾਂ ਨੂੰ ਪ੍ਰਾਪਤ ਹੋਇਆ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਉਨ੍ਹਾਂ ਦੇ ਨਾਮ ਉੱਤੇ ਇਕ ਆਧੁਨਿਕ ਖੋਜ ਕੇਂਦਰ ਉਸਾਰਿਆ ਹੈ ਜਿਸ ਵਿਚ ਖੁਸ਼ ਅਜਾਇਬ ਘਰ ਵੀ ਬਣਾਇਆ ਗਿਆ ਹੈ। ਪੀ ਏ ਯੂ ਅਤੇ ਪੰਜਾਬ ਯੂਨੀਵਰਸਿਟੀ ਨੇ ਵੀ ਆਨਰੇਰੀ ਡਾਇਰੈਕਟੋਰੇਟ ਦੀ ਡਿਗਰੀ ਦਿੱਤੀ ਹੈ। ਆਪਣੇ ਇਸ ਪੰਜਾਬੀ ਸਪੂਤ ਉੱਤੇ ਸਾਨੂੰ ਸਾਰਿਆਂ ਨੂੰ ਮਾਣ ਹੈ।

# ਬਜ਼ੁਰਗ ਜ਼ਮੀਨ ਪ੍ਰਤੀ ਮੋਹ ਖੋਰ ਸਨ

ਜੇਕਰ ਮੈਂ ਪਹਿਲਾਂ ਆਪਣੇ ਦਾਦੇ ਜਾਂ ਪਿਓ ਦੇ ਜੀਵਨ ਵਲ ਝਾਤ ਮਾਰਾਂ ਤਾਂ ਉਹਨਾਂ ਵਿਚ ਕਿੰਨਾ ਜੀਵਨ ਜਾਂਚ ਵਿਚ ਸਬਰ, ਸੰਤੋਖ, ਸਿਦਕ, ਧੀਰਜ, ਸਿਆਣਪ, ਸਹਿਜਤਾ, ਸਰਲਤਾ, ਸਪੱਸ਼ਟਤਾ, ਸਾਦਾਪਾਨ, ਸ਼ਾਂਤੀ ਅਤੇ ਪ੍ਰੇਮ ਭਰਿਆ ਹੋਇਆ ਕਰਦਾ ਸੀ। ਸੱਭਿਆਚਾਰ ਸਦਾਚਾਰੀ ਸਾਂਝੀਵਾਲਤਾ ਲਗਣ ਮੇਹਨਤ ਪਿਆਰ ਤੇ ਧੀਰਜ ਇਹ ਉਹਨਾਂ ਵਿਚ ਸਿਫਤਾਂ ਸਨ। ਹਰ ਗੱਲ ਦੇ ਚਿੰਤਤ ਸਨ ਸਭ ਇਕ ਦੂਜੇ ਨਾਲ ਪਿਆਰ ਨਾਲ ਪੇਸ਼ ਆਉਂਦੇ। ਖੇਤੀਬਾੜੀ ਦਾ ਧੰਦਾ ਉਸ ਯੁੱਗ ਵਿਚ ਪਹਿਲੇ ਨੰਬਰ 'ਤੇ ਸੀ। ਆਮ ਲੋਕ ਖੇਤੀ ਕਰਦੇ ਸਨ। ਨੌਕਰੀਆਂ ਤੇ ਘੱਟ ਲੋਕ ਸਨ। ਨੌਕਰੀ ਨੂੰ ਇਤਨਾ ਚੰਗਾ ਨਹੀਂ ਗਿਣਿਆਂ ਜਾਂਦਾ ਸੀ। ਜ਼ਮੀਨ ਨੂੰ ਆਪਣੀ ਮਾਂ ਸਮਝਦੇ ਸਨ, ਕਿਉਂਕਿ ਧਰਤੀ ਮਾਤਾ ਰੋਟੀ ਦਿੰਦੀ ਹੈ। ਉਹ ਕਹਿੰਦੇ ਸਨ ਕਿ ਮਿਲ ਕੇ ਰਹਿਣਾ ਦੂਜੇ ਦਾ ਕੁਝ ਸਵਾਰਨਾ ਤੇ ਇਕ ਦੂਜੇ ਦੀਆਂ ਭਾਵਨਾਵਾਂ ਦੀ ਸਾਂਝ ਹਰ ਕੀਮਤ 'ਤੇ ਬਰਕਰਾਰ ਰੱਖਣਾ ਇਹ ਉਹਨਾਂ ਦਾ ਮੁੱਖ ਉੱਦੇਸ਼ ਸੀ।

ਪੁਰਾਤਨ ਸਮੇਂ ਬਜ਼ੁਰਗ ਹੱਥੀਂ ਕੰਮ ਕਰਨ ਦੇ ਸ਼ੌਂਕ ਨੂੰ ਪ੍ਰਗਟ ਕਰਨ ਵਾਸਤੇ ਪਰਿਵਾਰ ਦੇ ਅੱਲੜ ਕਾਕਿਆਂ ਨੂੰ ਆਹਰੇ ਲਾਉਣ ਲਈ ਹਰ ਵਕਤ ਯਤਨਸ਼ੀਲ ਰਹਿੰਦੇ ਸੀ। ਪਹਿਲਾਂ ਜ਼ਮੀਨਾਂ ਮਾਰੂ ਹੁੰਦੀਆਂ ਸਨ। ਫਸਲਾਂ ਹੋਣ ਨਾ ਹੋਣ ਉਹਨਾਂ ਵੇਲਿਆਂ ਸਭ ਫਸਲਾਂ ਮੀਂਹ 'ਤੇ ਨਿਰਭਰ ਸਨ। ਕਈ ਵਾਰ ਮੀਂਹ ਪੈ ਜਾਂਦਾ, ਫਸਲਾਂ ਠੀਕ ਹੋ ਜਾਂਦੀਆਂ ਸਨ। ਕਈ ਵਾਰ ਮੀਂਹ ਨਾ ਪੈਂਦਾ ਤਾਂ ਕੋਈ ਦਾਣਾ ਘਰ ਨਾ ਆਉਂਦਾ। ਕਈ ਬਜ਼ੁਰਗਾਂ ਨੇ ਕਹਿਣਾ ਹੁਣ ਫਸਲ ਕੋਈ ਨਹੀਂ ਬੀਜਣੀ ਬੀਆ ਪਲਿਓਂ ਜਾਂਦਾ, ਪਰ ਉਹ ਕਹਿੰਦੇ ਕੀ ਕਰੀਏ। ਜ਼ਮੀਨ ਦਾ ਮੋਹ ਮਾਰਦਾ ਏ। ਜੇ ਜ਼ਮੀਨ ਨਦੀਨਾਂ ਤੋਂ ਮੁਕਤ ਕੀਤੀ ਹੁੰਦੀ ਤਾਂ ਗਿੱਲ ਸੰਭਾਲਣ ਜੋਗੀ ਸਮਰੱਥਾ ਬਣੀ ਰਹਿੰਦੀ। ਬਜ਼ੁਰਗ ਕਿਹਾ ਕਰਦੇ ਸਨ ਬਰਾਨੀ ਜ਼ਮੀਨ ਵਿੱਚ ਇਕ ਗੁਣ ਸੀ ਕਿ ਉਹ ਲੰਮੇਂ ਤਕ ਗਿਲ ਤੇ ਬੀਜ ਕੇ ਰੱਖ ਸਕਦੀ ਸੀ ਆਈ ਰੁੱਤ ਤੋਂ ਬੀਜ ਆਪੇ ਉੱਗ ਪੈਂਦਾ ਸੀ। ਪੁਰਾਤਨ ਸਮੇਂ ਚਾਹ ਦਾ ਰਿਵਾਜ਼ ਘੱਟ ਸੀ ਅਤੇ ਬਜ਼ੁਰਗ ਚਾਹ ਘੱਟ ਪਸੰਦ ਕਰਦੇ ਸਨ। ਕੋਈ ਵਿਰਲਾ ਹੀ ਇਸ ਦਾ ਆਦੀ ਸੀ। ਪੁਰਾਤਨ ਬਾਬੇ ਕੁੱਕੜ ਦੀ ਬਾਂਗ ਨਾਲ ਉੱਠ ਕੇ ਛੰਨਾ ਅੱਧ ਰਿੜਕੇ ਦਾ ਭਰ ਕੇ ਪੀ ਜਾਂਦੇ ਸਨ। ਜ਼ਰੂਰਤ ਮੁਤਾਬਕ ਦੋ ਵੀ ਪੀ ਲੈਂਦੇ ਅਤੇ ਕਿਹਾ ਕਰਦੇ ਕਿ ਤ੍ਰੇਹ ਨਹੀਂ ਲੱਗਦੀ, ਹਾਲੀ ਪਾਲੀ ਇਸ ਦੀ ਵਰਤੋਂ ਕਰਿਆ ਕਰਦੇ ਸਨ। ਉਹਨਾਂ ਦਿਨਾਂ ਵਿੱਚ ਪਾਣੀ ਦਾ ਤੋੜਾ ਹੁੰਦਾ ਸੀ, ਜੇ ਕਾਮੇ ਥੋੜ੍ਹੇ ਹੁੰਦੇ ਤਾਂ ਕੂਹਨੇ ਵਿੱਚ ਪਾਣੀ ਲੈ ਜਾਂਦੇ ਸਨ। ਜੇ ਕਾਮੇ ਜ਼ਿਆਦਾ ਹੁੰਦੇ ਤਾਂ ਉੱਠ ਤੇ ਪਾਣੀ ਦੀ ਮਕਸ ਭਰ ਕੇ ਲੈ ਜਾਂਦੇ ਸਨ। ਆਮ ਗਰਮੀਆਂ ਵਿੱਚ ਆਮ ਬਜ਼ੁਰਗ ਲੱਸੀ ਦੀ ਵਰਤੋਂ ਆਮ ਕਰਦੇ ਸਨ। ਕਣਕ ਗੁੱਡਣ ਲਈ ਰੰਬੇ ਕੱਸੀਏ ਦੀ ਵਰਤੋਂ ਕੀਤੀ ਜਾਂਦੀ, ਬਾਕੀ ਬਜ਼ੁਰਗ ਸਾਰੀ ਆਯੂ ਖੱਦਰ ਦੇ ਕੱਪੜਿਆਂ ਵਿਚ ਰਹੇ ਅਤੇ ਖੇਤ ਵਿੱਚ ਲਾਟ ਵਾਂਗ ਫਿਰਦੇ ਸਨ, ਜਦ ਸਾਫ ਕਿਸੇ ਫਸਲ ਤੋਂ ਖਾਲੀ ਹੋ ਜਾਂਦੀ ਤਾਂ ਕਾਮਿਆਂ ਨੂੰ ਜਾ ਆਪ ਹੀ ਵਾਹੁਣ ਲੱਗ ਜਾਂਦੇ ਸਨ ਅਤੇ ਹਦਾਇਤਾਂ ਦੇਂਦੇ ਕਿ ਭਾਈ ਜਲਦੀ ਹਲ ਜੋੜੋ ਤੇ ਵਾਹ ਦਿਓ ਜੇਠ ਹਾੜ ਦੀਆਂ ਹਨੇਰੀਆਂ ਦਾ ਨਵਾਂ ਰੇਤਾ ਸਿਆੜਾਂ ਵਿਚ ਪੈ ਜਾਵੇ ਅਤੇ ਆਉਣ ਵਾਲੀ ਫਸਲ ਵਧੀਆ ਚੰਗੇਰੀ ਹੋ ਜਾਵੇ।



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਭਾਵੇਂ ਪੁਰਾਤਨ ਬਜ਼ੁਰਗ ਪੜ੍ਹੇ ਲਿਖੇ ਨਹੀਂ ਸਨ ਤੇ ਨਾ ਹੀ ਕੋਈ ਵਿਗਿਆਨੀ ਸਨ। ਪਰ ਫਿਰ ਵੀ ਉਹਨਾਂ ਨੂੰ ਪਤਾ ਸੀ ਕਿ ਵਿੱਚ ਹਵਾ ਪੈ ਕੇ ਇਹ ਧਰਤੀ ਦੀ ਉਪਜਾਊ ਸ਼ਕਤੀ ਵਧਾਉਂਦੇ ਸਨ। ਖੇਤਾਂ ਵਿਚ ਮੋੜੀਆਂ ਬੂਟੀਆਂ ਘਾਹ ਇਕੱਠਾ ਕਰਕੇ ਖੇਤ ਦੇ ਇਕ ਪਾਸੇ ਲਗਾ ਦਿੰਦੇ ਸਨ। ਜਦ ਸੁੱਕ ਜਾਂਦਾ ਸੀ, ਘਰ ਨੂੰ ਲੈ ਆਉਂਦੇ ਸਨ ਅਤੇ ਚੁੱਲੇ ਵਿਚ 6 ਮਹੀਨੇ ਬਾਲਦੇ ਸਨ। ਸਿਆਲ ਵਿਚ ਅੱਗ ਮਚਾਉਣੀ ਵੀ ਸੌਖੀ ਹੁੰਦੀ। ਜੇ ਅਜਿਹਾ ਨਾ ਕੋਈ ਕਰਦਾ, ਉਸਨੂੰ ਨਾਲਾਇਕ ਆਲਸੀ ਕਹਿੰਦੇ ਸਨ ਅਤੇ ਕਹਿੰਦੇ ਘਰ ਲਈ ਵੀ ਕੰਮ ਹੁੰਦਾ ਨਹੀਂ ਫੇਰ ਕਿਸਦਾ ਕਰੋਗੇ ਅਤੇ ਨਾਰਾਜ਼ਗੀ ਪ੍ਰਗਟ ਕਰਦੇ ਸਨ।

ਉਹਨਾਂ ਦਾ ਵਿਚਾਰ ਸੀ ਜੇ ਕਿਸਾਨ ਦੀ ਜ਼ਮੀਨ ਜੇਠ ਹਾੜ੍ਹ ਵਿਚ ਬੰਜਰ ਪਈ ਹੈ। ਵਾਹੀ ਨਹੀਂ ਕੀਤੀ ਜ਼ਮੀਨ ਵੀ ਉਸਦਾ ਸਾਰ ਨਾ ਲੈਂਦੀ ਫਿਰ ਉਹ ਭੁੱਖਾ ਹੀ ਮਰੇਗਾ। ਜ਼ਮੀਨ ਦਾ ਮੋਹ ਬਜ਼ੁਰਗ ਆਖਰੀ ਸਾਹ ਤੱਕ ਨਿਭਾ ਗਏ। ਜ਼ਮੀਨ ਵੇਚਣ ਦਾ ਨਾਮੋਂ ਨਿਸ਼ਾਨ ਨਹੀਂ ਸੀ। ਕਹਿੰਦੇ ਸਨ ਜਿੰਨੇ ਜ਼ਮੀਨ ਵੇਚਤੀ ਉਸਨੇ ਆਪਣੀ ਮਾਂ ਵੇਚਤੀ। ਉਸ ਨੂੰ ਬਹੁਤ ਮਾੜਾ ਗਿਣਿਆ ਜਾਂਦਾ ਸੀ।

# ਮਿਲਿਟਸ ਤੋਂ ਵੱਡਮੁੱਲੇ ਪਦਾਰਥ

ਜਗਬੀਰ ਰੀਹਲ, ਪ੍ਰੀਤਇੰਦਰ ਕੌਰ ਅਤੇ ਟੀ ਸੀ ਮਿੱਤਲ, ਫੂਡ ਸਾਇੰਸ ਅਤੇ ਤਕਨਾਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94177-51367)

**ਅੰਤਰ-ਰਾਸ਼ਟਰੀਆ ਪੱਧਰ ਤੇ ਸਾਲ 2023 ਨੂੰ ਮਿਲਿਟਸ ਸਾਲ ਦੇ ਰੂਪ ਵਿਚ ਮਨਾਇਆ ਗਿਆ। ਸਾਡੇ ਦੇਸ਼ ਵਿਚ ਪਾਏ ਜਾਣ ਵਾਲੇ ਪ੍ਰਮੁੱਖ ਮਿਲਿਟਸ ਜਿਵੇਂ ਜਵਾਰ, ਬਾਜਰਾ, ਕੰਗਨੀ, ਰਾਗੀ, ਸਵਾਂਕ, ਕੋਡੋ, ਕੱਟੂ ਅਤੇ ਚੀਨਾ ਹਨ।**

**ਇਡਲੀ** : ਚੌਲਾਂ ਅਤੇ ਮੂੰਗ (ਉਰਦ) ਦਾਲ ਤੇ ਆਧਾਰਿਤ ਇਕ ਪਰੰਪਰਾਗਤ ਖਮੀਰ ਕਰ ਕੇ ਭਾਫ ਨਾਲ ਬਣਾਇਆ ਜਾਣ ਵਾਲਾ ਉਤਪਾਦ ਹੈ। ਇਸ ਵਿਚ ਚੌਲਾਂ ਦੀ ਥਾਂ ਮਿਲਿਟਸ ਨੂੰ ਪਾ ਕੇ ਵੀ ਤਿਆਰ ਕੀਤਾ ਜਾ ਸਕਦਾ ਹੈ ਤਾਂ ਜੋ ਸਾਨੂੰ ਇਕ ਬੇਹਤਰ ਸਿਹਤਮੰਦ ਭੋਜਨ ਮਿਲ ਸਕੇ।

**ਡੋਸਾ** : ਖਮੀਰ ਕਰ ਕੇ ਤਿਆਰ ਹੋਣ ਕਾਰਣ ਇਹ ਪੌਸ਼ਟਿਕ ਵੀ ਹੈ ਅਤੇ ਇਸ ਦੀ ਪੌਸ਼ਟਿਕਤਾ ਨੂੰ ਹੋਰ ਵਧਾਉਣ ਲਈ ਵੱਖ-ਵੱਖ ਮਿਲਿਟਸ ਦਾ ਆਟਾ ਜਿਵੇਂ : ਰਾਗੀ, ਬਾਜਰਾ, ਕੋਡੋ, ਕੁਟਕੀ ਮਿਲਾ ਕੇ ਖਮੀਰ ਕੀਤਾ ਜਾ ਸਕਦਾ ਹੈ ਅਤੇ ਫੇਰ ਉਸ ਤੋਂ ਡੋਸਾ ਤਿਆਰ ਕੀਤਾ ਜਾ ਸਕਦਾ ਹੈ। ਕਿਉਂਕਿ ਇਸ ਤਰੀਕੇ ਨਾਲ ਬਣਾਇਆ ਡੋਸਾ ਪ੍ਰੋਟੀਨ, ਫਾਈਬਰ ਅਤੇ ਮਿਨਰਲ ਨਾਲ ਭਰਪੂਰ ਹੋਵੇਗਾ।

**ਉਪਮਾਂ** : ਇੱਕ ਪ੍ਰਸਿੱਧ ਭਾਰਤੀ ਨਾਸ਼ਤਾ ਹੈ ਜੋ ਕਿ ਥੋੜ੍ਹੇ ਸਮੇਂ ਵਿੱਚ ਬਣ ਜਾਂਦਾ ਹੈ। ਇਸ ਨੂੰ ਸੂਜੀ ਤੋਂ ਤਿਆਰ ਵੀ ਕੀਤਾ ਜਾਂਦਾ ਹੈ। ਮਿਲਿਟਸ ਨਾਲ ਬਣਾਏਗਾ ਉਪਮਾ ਦਾ ਗਲਾਈਸੈਮਿਕ ਇੰਡੈਕਸ ਘੱਟ ਹੁੰਦਾ ਹੈ। ਇਸ ਲਈ ਇਸ ਸ਼ੂਗਰ ਦੇ ਮਰੀਜ਼ਾਂ ਵਾਸਤੇ ਢੁੱਕਵਾਂ ਨਾਸ਼ਤਾ ਹੈ।

**ਦਲੀਆ** : ਮਿਲਿਟਸ ਦੀਆਂ ਸਾਰੀਆਂ ਕਿਸਮਾਂ ਦੀ ਪ੍ਰੋਸੈਸਿੰਗ ਕਰਕੇ ਦਲੀਆ ਵੀ ਬਣਾਇਆ ਜਾ ਸਕਦਾ ਹੈ। ਇਸ ਦਲੀਏ ਦੀ ਵਰਤੋਂ ਵੱਖ-ਵੱਖ ਰਵਾਇਤੀ ਪਕਵਾਨ ਬਨਾਉਣ ਦੇ ਕੰਮਾਂ ਵਿਚ ਆਉਂਦੀ ਹੈ। ਜਿਵੇਂ ਕਿ ਕੜਾਹ, ਹਲਵਾ, ਖੀਰ, ਨਮਕੀਨ ਦਲੀਆ ਅਤੇ ਖਿਚੜੀ। ਮਿਲਿਟਸ ਵਿਚ ਫਾਈਬਰ ਅਤੇ ਮਿਨਰਲ ਦੀ ਮਾਤਰਾ ਭਰਪੂਰ ਹੁੰਦੀ ਹੈ ਅਤੇ ਇਹਨਾਂ ਦੇ ਸੇਵਨ ਕਰਨ ਨਾਲ ਪਾਚਨ ਪ੍ਰਣਾਲੀ ਨਾਲ ਸਬੰਧਿਤ ਰੋਗਾਂ ਦਾ ਨਾਸ਼ ਹੁੰਦਾ ਹੈ।

ਮਿਲਿਟਸ ਦੇ ਦਾਣਿਆਂ ਦੀ ਮੁੱਢਲੀ ਪ੍ਰੋਸੈਸਿੰਗ ਤੋਂ ਬਾਅਦ ਉਹਨਾਂ ਦਾ ਆਟਾ ਤਿਆਰ ਕੀਤਾ ਜਾਂਦਾ ਹੈ। ਇਸ ਆਟੇ ਦੀ ਵਰਤੋਂ ਅਸੀਂ ਆਪਣੇ ਰਵਾਇਤੀ ਭੋਜਨ ਵਿੱਚ ਕਰ ਸਕਦੇ ਹਾਂ। ਮਿਲਿਟਸ ਦੇ ਆਟੇ ਤੋਂ ਤਿਆਰ ਸੂਪ ਨੂੰ ਗਾੜ੍ਹਾ ਕਰਨ ਦੇ ਨਾਲ ਉਸ ਦੀ ਪੌਸ਼ਟਿਕਤਾ ਨੂੰ ਵਧਾਇਆ ਜਾ ਸਕਦਾ ਹੈ। ਮੌਸਮੀ ਸਬਜ਼ੀਆਂ ਅਤੇ ਰਾਗੀ ਦੇ ਆਟੇ ਦੀ ਵਰਤੋਂ ਨਾਲ ਬਹੁਤ ਸੁਆਦ ਅਤੇ ਗੁਣਵਤਾ ਨਾਲ ਭਰਪੂਰ ਸੂਪ ਤਿਆਰ ਕੀਤਾ ਜਾਂਦਾ ਹੈ।

ਅਨਾਜ ਦੀਆਂ ਫੁੱਲੀਆਂ, ਖਿੱਲਾਂ ਅਤੇ ਫਲੈਕਸ ਰਵਾਇਤੀ ਤੌਰ ਤੇ ਮਸ਼ੀਨਾਂ ਨਾਲ ਤਿਆਰ ਕੀਤੇ ਜਾਂਦੇ ਹਨ। ਇਹਨਾਂ ਨੂੰ ਸਨੈਕਸ ਜਾਂ ਸਵੇਰੇ ਦੇ ਨਾਸ਼ਤੇ ਵਿਚ ਵਰਤਿਆ ਜਾਂਦਾ ਹੈ। ਬੇਕਰੀ ਉਤਪਾਦ ਜਿਵੇਂ ਕਿ ਬਰੈਡ ਆਮ ਤੌਰ ਤੇ ਕਣਕ ਦੇ ਆਟੇ ਜਾਂ ਮੈਦੇ ਤੋਂ ਤਿਆਰ ਕੀਤੀ ਜਾਂਦੀ ਹੈ।

ਮਿਲਿਟਸ ਨੂੰ ਵਰਤੇ ਕੇ ਹੀ ਬਰੈਡ ਬਣਾਈ ਜਾ ਸਕਦੀ ਹੈ। ਬਾਜਰੇ ਤੇ ਅਧਾਰਿਤ ਬਰੈਡ ਬਨਾਉਣ ਲਈ ਇਸ ਦੇ ਆਟੇ ਵਿਚ ਚੋਲਾਂ ਦਾ ਆਟਾ, ਦਾਲਾਂ ਦਾ ਆਟਾ ਅਤੇ ਕੁੱਝ ਗੂੰਦਾਂ ਨੂੰ ਰਲਾ ਕੇ ਕਣਕ ਦੇ ਆਟੇ ਤੋਂ ਬਣੀ ਬਰੈਡ ਸਮਾਨ ਬਣਤਰ ਅਤੇ ਸੁਵਾਦ ਵਾਲੀ ਬਰੈਡ ਬਣਾਈ ਜਾ ਸਕਦੀ ਹੈ। ਆਮ ਤੌਰ 'ਤੇ ਮਿਲਣ ਵਾਲੀ ਬਰੈਡ ਵਿਚ ਵੀ ਮੈਦੇ ਦੀ ਮਾਤਰਾ ਘਟਾ ਕੇ ਤੇ ਉਸ ਵਿੱਚ ਮਿਲਿਟਸ ਦੇ ਆਟੇ ਨੂੰ ਰਲਾ ਕੇ ਵੀ ਬਰੈਡ ਬਣਾਈ ਜਾਂਦੀ ਹੈ ਜੋ ਕਿ ਗਲੂਟਨ ਫਰੀ ਤਾਂ ਨਹੀਂ ਹੁੰਦੀ ਪਰ ਉਸ ਵਿਚ ਮਿਲਿਟਸ ਕਰ ਕੇ ਪੌਸ਼ਟਿਕ ਤੱਤਾਂ ਦਾ ਵਾਧਾ ਹੁੰਦਾ ਹੈ ਅਤੇ ਫਾਈਬਰ ਕਰਕੇ ਪਾਚਨ ਸ਼ਕਤੀ ਵੀ ਵੱਧ ਜਾਂਦੀ ਹੈ। ਗਲੂਟਨ ਫਰੀ ਨਿਊਡਲਸ ਬਨਾਉਣ ਲਈ ਮਿਲਿਟਸ ਦੇ ਨਾਲ ਹੀ ਦਾਲ ਦਾ ਆਟਾ, ਸਾਬੂ ਦਾਣੇ ਦਾ ਆਟਾ ਅਤੇ ਕੁੱਝ ਗੂੰਦਾਂ ਦਾ ਵੀ ਇਸਤੇਮਾਲ ਕੀਤਾ ਜਾਂਦਾ ਹੈ। ਇਸ ਤਰੀਕੇ ਦੇ ਨਾਲ ਹੀ ਪਾਸਤਾ ਵੀ ਬਣਾਇਆ ਜਾਂਦਾ ਹੈ।

ਆਮ ਤੌਰ ਕੇ ਪੀਣ ਵਾਲੇ ਪਦਾਰਥ ਫਲਾਂ ਅਤੇ ਦੁੱਧ ਤੋਂ ਤਿਆਰ ਕੀਤੇ ਜਾਂਦੇ ਹਨ। ਇਹ ਅਲਕੋਹਲ ਜਾਂ ਗੈਰ-ਅਲਕੋਹਲ ਵਾਲੇ ਪੇਯ ਹੁੰਦੇ ਹਨ। ਮਿਲਿਟਸ ਦੇ ਦਾਣਿਆਂ ਤੋਂ ਦੁੱਧ ਵੀ ਬਣਾਇਆ ਜਾ ਸਕਦਾ ਹੈ ਜਿਸ ਤੋਂ ਦਹੀਂ ਬਣ ਕੇ ਹੋਰ ਪੇਯ ਤਿਆਰ ਕੀਤੇ ਜਾ ਸਕਦੇ ਹਨ। ਇਹਨਾਂ ਪੇਯ ਦੀਆਂ ਪ੍ਰੋਬਾਉਟਿਕ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜੋ ਕਿ ਸਰੀਰ ਲਈ ਬਹੁਤ ਗੁਣਕਾਰੀ ਹੁੰਦੇ ਹਨ।



# ਸੁਹਾਂਜਣਾ ਇਕ ਰੁੱਖ ਹਜ਼ਾਰ ਸੁੱਖ

ਕੁਦਰਤ ਵੱਲੋਂ ਤੋਹਫੇ ਵਜੋਂ ਜੜ੍ਹੀ-ਬੂਟੀਆਂ ਧਰਤੀ 'ਤੇ ਹਨ। ਇਨ੍ਹਾਂ ਦਾ ਬਹੁਤਾ ਗਿਆਨ ਨਾ ਹੋਣ ਕਰਕੇ ਇਨ੍ਹਾਂ ਦੇ ਚਮਤਕਾਰੀ ਗੁਣਾ ਤੋਂ ਅਸੀਂ ਅਣਜਾਣ ਹਾਂ। ਇਨ੍ਹਾਂ ਰੁੱਖਾਂ 'ਚੋਂ ਇਕ ਹੈ ਸੁਹਾਂਜਣਾ, ਜਿਸ ਨੂੰ ਹਿੰਦੀ 'ਚ ਸਹਿਜਨ, ਪੰਜਾਬੀ ਵਿਚ ਸੁਹਾਂਜਣਾ, ਅੰਗਰੇਜ਼ੀ ਵਿਗਿਆਨਕ ਨਾਂ ਹੋਰਸ ਟ੍ਰੀ ਮੋਰਿੰਗਾ, ਔਲੀਫੇਰਾ ਹੈ। ਇਸ 'ਚ ਵਿਟਾਮਿਨ, ਪ੍ਰੋਟੀਨ, ਪੋਟਾਸ਼ੀਅਮ, ਆਇਰਨ, ਕੈਲਸ਼ੀਅਮ ਵਿਟਾਮਿਨ-ਸੀ, ਏ, ਬੀ ਕੰਪਲੈਕਸ ਹੁੰਦੇ ਹਨ। ਇਹ ਦੁਨੀਆਂ ਦਾ ਬਹੁਤ ਵਧੀਆ ਮਲਟੀ ਵਿਟਾਮਿਨ ਹੈ। ਇਸ 'ਚ ਵਿਟਾਮਿਨ-ਸੀ ਸੰਤਰੇ ਤੋਂ 7 ਗੁਣਾ, ਵਿਟਾਮਿਨ-ਏ ਗਾਜਰਾਂ ਤੋਂ 4 ਗੁਣਾ, ਕੈਲਸ਼ੀਅਮ ਦੁੱਧ ਤੋਂ 4 ਗੁਣਾ, ਪੋਟਾਸ਼ੀਅਮ ਕੇਲੇ ਤੋਂ 3 ਗੁਣਾ, ਪ੍ਰੋਟੀਨ ਦਹੀਂ ਤੋਂ 3 ਗੁਣਾ ਵੱਧ ਦੱਸਿਆ ਗਿਆ ਹੈ। ਇਸ ਦੇ ਬੀਜ ਚਬਾਉਣ ਵਾਲੇ ਕੌੜੇ ਤੇ ਬਾਅਦ 'ਚ ਮਿੱਠੇ-ਮਿੱਠੇ ਤੇ ਮੂੰਹ ਨੂੰ ਤਰੋਤਾਜ਼ਾ ਕਰ ਦਿੰਦੇ ਹਨ। ਇਹ ਵੀ ਕੁਦਰਤ ਦਾ ਵੱਡਾ ਗੁਣ ਹੈ, ਨਹੀਂ ਤਾਂ ਕੌੜੇ ਤੇ ਮਿੱਠੇ ਦਾ ਇੱਕੋ ਚੀਜ਼ ਵਿੱਚੋਂ ਸੁਆਦ, ਕਿੱਥੋਂ ਆ ਸਕਦਾ ਹੈ। ਇਹ ਰੁੱਖ ਬਹੁਤਾ ਉੱਚਾ ਨਹੀਂ ਹੁੰਦਾ, ਪੱਤੇ ਬਰੀਕ ਤੇ ਸੰਘਣੇ ਹੁੰਦੇ ਹਨ। ਇਸ ਦੇ ਪੱਤੇ ਤੋੜ ਕੇ ਛਾਂ 'ਚ ਸੁਕਾ ਕੇ ਪਾਊਡਰ ਬਣਾ ਲਉ। ਇਕ ਚਮਚ ਦੁੱਧ ਨਾਲ ਲਵੋ ਤਾਕਤ ਦੇ ਕੈਪਸੂਲ ਦਾ ਮੂੰਹ ਤੋੜ ਜਵਾਬ ਹੈ।



★ ਖੰਘ-ਜ਼ੁਕਾਮ ਹੋਵੇ ਤਾਂ ਇਸ ਦੇ ਪੱਤੇ ਪਾਣੀ 'ਚ ਉਬਾਲੋ। ਗਰਮ-ਗਰਮ ਪਾਣੀ ਦੀ ਭਾਫ ਲਵੋ, ਨੱਕ ਖੁੱਲ੍ਹ ਜਾਵੇਗਾ। ਇਸ ਦੀ ਗੋਂਦ ਥੋੜ੍ਹੀ ਜਿਹੀ ਮੂੰਹ 'ਚ ਰੱਖ ਕੇ ਚੂਸੋ, ਦੰਦਾਂ ਦਾ ਭੁਰਨਾ ਰੁਕ ਜਾਵੇਗਾ। ਇਸ ਦੀ ਛਾਲ ਦਾ ਪਾਊਡਰ 100 ਗ੍ਰਾਮ, ਹਿੰਗ 5 ਗ੍ਰਾਮ, ਸੁੰਢ 20 ਗ੍ਰਾਮ, ਇਲਾਇਚੀ ਛੋਟੀ 20 ਗ੍ਰਾਮ, ਪੁਦੀਨਾ ਸੱਤ 5 ਗ੍ਰਾਮ ਮਿਲਾ ਕੇ ਪਾਊਡਰ ਬਣਾਓ। ਇਸ ਨੂੰ ਪਾਣੀ ਵਿਚ ਘੋਟ ਕੇ 1-1 ਗ੍ਰਾਮ ਦੀਆਂ ਗੋਲੀਆਂ ਬਣਾ ਲਉ। ਇਕ-ਇਕ ਗੋਲੀ 3 ਵਾਰ ਲਵੋ। ਪੇਟ ਦਰਦ, ਅਫਾਰਾ, ਪੇਟ ਗੈਸ ਠੀਕ ਹੋਵੇਗੀ।

★ ਇਸ ਦੀ ਛਿੱਲ ਗਠੀਆ, ਲਿਵਰ, ਛਾਤੀ, ਕਫ ਰੋਗਾਂ ਵਿਚ ਬਹੁਤ ਫਾਇਦਾ ਕਰਦੀ ਹੈ। ਬੱਚਿਆਂ ਦੇ ਪੇਟ ਦੇ ਕੀੜੇ ਇਸ ਦੇ ਪੱਤਿਆਂ ਦੇ ਰਸ ਨਾਲ ਖਤਮ ਹੋ ਜਾਂਦੇ ਹਨ। ਇਸ ਦੇ ਬੀਜ ਪੀਸ ਕੇ ਪਾਣੀ ਵਿਚ ਪਾ ਦਿਉ, ਪਾਣੀ ਕਾਫੀ ਹੱਦ ਤੱਕ ਸ਼ੁੱਧ ਹੋ ਜਾਂਦਾ ਹੈ।

★ ਹੱਡੀ ਟੁੱਟ ਜਾਵੇ ਤਾਂ ਇਸ ਦੇ ਪੱਤੇ ਪੀਸ ਕੇ ਖਾਓ। ਇਸ ਵਿਚ ਕੈਲਸ਼ੀਅਮ ਜ਼ਿਆਦਾ ਹੋਣ ਕਰਕੇ ਹੱਡੀ ਜੁੜ ਜਾਂਦੀ ਹੈ। ਜੋੜਾਂ ਦੇ ਦਰਦ ਲਈ ਸੁਹਾਂਜਣਾ ਬੀਜ 100 ਗ੍ਰਾਮ, ਕਿੱਕਰ ਦੇ ਤੁੱਕੇ, ਜਿਨ੍ਹਾਂ ਵਿਚ ਬੀਜ ਨਾ ਪਿਆ ਹੋਵੇ 100 ਗ੍ਰਾਮ, ਸੁੰਢ 25 ਗ੍ਰਾਮ ਮਿਲਾ ਕੇ ਪਾਊਡਰ ਬਣਾਓ, ਇਕ ਚਮਚ ਦੁੱਧ ਨਾਲ ਸਵੇਰੇ-ਸ਼ਾਮ ਲਗਾਤਾਰ ਲਵੋ। ਕਮਜ਼ੋਰੀ ਹੋਵੇ ਤਾਂ ਇਸ ਦੇ ਪੱਤੇ 100 ਗ੍ਰਾਮ, ਅਸ਼ਗੰਧ 50 ਗ੍ਰਾਮ, ਬੰਸਲੋਚਨ ਅਸਲੀ 30 ਗ੍ਰਾਮ, ਇਲਾਇਚੀ ਛੋਟੀ 25 ਗ੍ਰਾਮ, ਤੇਜਪੱਤਰ 25 ਗ੍ਰਾਮ ਮਿਲਾ ਕੇ ਪਾਊਡਰ ਬਣਾਉ। ਇਕ ਚਮਚ ਦੁੱਧ ਨਾਲ ਸਵੇਰੇ-ਸ਼ਾਮ ਖਾਓ। ਤਾਕਤ ਦੀ ਵਧੀਆ ਦਵਾਈ ਬਣ ਜਾਂਦੀ ਹੈ।

★ ਇਸ ਦੇ ਹਰੇ ਪੱਤੇ ਵੀ ਧੋ ਕੇ ਖਾਧੇ ਜਾ ਸਕਦੇ ਹਨ। ਇਹ ਤੁਹਾਨੂੰ ਮੋਟਾਪਾ, ਜੋੜਾਂ ਦੇ ਦਰਦ, ਯੂਰਿਕ ਐਸਿਡ, ਸ਼ੂਗਰ, ਕਮਜ਼ੋਰੀ, ਬੀ ਪੀ ਵਧਣਾ--ਘਟਣਾ, ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾ ਕੇ ਰੱਖੇਗਾ। ਸ਼ਰਤ ਇਹ ਹੈ ਕਿ ਇਸ ਭੋਜਨ ਵਿਚ ਰੋਜ਼ ਸ਼ਾਮਿਲ ਕਰੋ। ਬਿਨਾਂ ਨਾਗਾ ਖਾਂਦੇ ਰਹੀਏ, ਤਾਂ ਬੁਢਾਪਾ ਨੇੜੇ ਨਹੀਂ ਆਵੇਗਾ।

ਗੌਰਵ ਮੁੰਜਾਲ (ਮੋ. 97808-88878)

**ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੀਆਂ ਜੜ੍ਹਾਂ ਵਾਲੀਆਂ ਸਬਜ਼ੀਆਂ ਦੀਆਂ ਦੇਸੀ ਕਿਸਮਾਂ ਦਾ ਬੀਜ ਕਿਸਾਨ ਵੀਰ ਪੰਜਾਬ ਦੇ ਮੌਸਮ ਵਿਚ ਪੈਦਾ ਕਰ ਸਕਦੇ ਹਨ। ਵਧੀਆ ਕੁਆਲਿਟੀ ਦਾ ਬੀਜ ਪੈਦਾ ਕਰਨ ਲਈ ਸੁਧਰੀਆਂ ਕਾਸ਼ਤਕਾਰੀ ਤਕਨੀਕਾਂ ਅਤੇ ਕਿਸਮਾਂ ਦੀ ਚੋਣ ਕਰਨੀ ਜ਼ਰੂਰੀ ਹੈ।**



# ਜੜ੍ਹਾਂ ਵਾਲੀਆਂ ਸਬਜ਼ੀਆਂ ਦਾ ਬੀਜ ਉਤਪਾਦਨ ਇੰਝ ਕਰੀਏ

ਰਵਿੰਦਰ ਕੌਰ ਅਤੇ ਬਲਵੀਰ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ (ਮੋ. 94630-66782)

**ਜੜ੍ਹਾਂ ਵਾਲੀਆਂ ਸਬਜ਼ੀਆਂ ਦਾ ਬੀਜ ਉਤਪਾਦਨ ਦਾ ਢੰਗ** : ਜੜ੍ਹਾਂ ਵਾਲੀਆਂ ਸਬਜ਼ੀਆਂ ਦਾ ਬੀਜ ਡੱਕਾਂ ਤੋਂ ਤਿਆਰ ਕਰੋ ਤਾਂ ਕਿ ਵਧੀਆ ਜੜ੍ਹਾਂ ਦੀ ਚੋਣ, ਸਹੀ ਫਾਸਲੇ ਤੇ ਬਿਜਾਈ ਹੋ ਸਕੇ। ਜਿਸ ਨਾਲ ਵਧੀਆ ਕੁਆਲਿਟੀ ਦਾ ਬੀਜ ਮਿਲ ਸਕਦਾ ਹੈ।

**ਖੇਤ ਦੀ ਚੋਣ ਅਤੇ ਦੂਸਰੀਆਂ ਕਿਸਮਾਂ ਤੋਂ ਦੂਰੀ** : ਜੜ੍ਹਾਂ ਵਾਲੀਆਂ ਸਬਜ਼ੀਆਂ ਦਾ ਬੀਜ ਤਿਆਰ ਕਰਨ ਲਈ ਜੋ ਖੇਤ ਵਰਤਣਾ ਹੋਵੇ ਉਸ ਖੇਤ ਵਿਚ ਅਣਚਾਹੇ ਪੌਦੇ ਨਹੀਂ ਹੋਣੇ ਚਾਹੀਦੇ। ਇਸ ਬੀਜ ਦੇ ਖੇਤ ਦੂਜੀਆਂ ਕਿਸਮਾਂ ਦੇ ਖੇਤਾਂ ਨਾਲੋਂ ਜਾਂ ਕਿਸੇ ਹੋਰ ਕਿਸਮ ਜੋ ਸ਼ੁੱਧਤਾ ਦੀ ਕਸੌਟੀ ਤੇ ਖਰੀ ਨਾ ਉਤਰਦੀ ਹੋਵੇ ਤੇ ਮੂਲੀ ਅਤੇ ਸ਼ਲਗਮ ਲਈ 1600 ਮੀਟਰ (ਫਾਊਂਡੇਸ਼ਨ) ਅਤੇ 1000 ਮੀਟਰ (ਸਰਟੀਫਾਈਡ), ਅਤੇ ਗਾਜਰ ਲਈ 1000 ਮੀਟਰ (ਫਾਊਂਡੇਸ਼ਨ) ਅਤੇ 800 ਮੀਟਰ (ਸਰਟੀਫਾਈਡ) ਦੀ ਦੂਰੀ ਤੇ ਹੋਣਾ ਚਾਹੀਦਾ ਹੈ। ਸ਼ਲਗਮ ਦਾ ਬੀਜ ਪੈਦਾ ਕਰਨ ਵਾਲਾ ਖੇਤ ਦੂਜੀਆਂ ਕਿਸਮਾਂ ਦੇ ਨਾਲ-ਨਾਲ ਚੀਨੀ ਸਰ੍ਹੋਂ, ਪੀਲੀ ਸਰ੍ਹੋਂ, ਰਾਇਆ ਦੇ ਬੀਜ ਵਾਲੇ ਖੇਤ ਤੋਂ ਵੀ ਨਿਵੇਕਲਾ ਹੋਣਾ ਚਾਹੀਦਾ ਹੈ।

**ਡੱਕ ਤਿਆਰ ਕਰਨ ਲਈ ਪੁਟਾਈ ਦਾ ਸਮਾਂ** : ਡੱਕ ਬਣਾਉਣ ਲਈ ਮੂਲੀ ਅਤੇ ਸ਼ਲਗਮ ਨੂੰ ਬਿਜਾਈ ਤੋਂ ਲਗਭਗ 55-60 ਦਿਨਾਂ ਬਾਅਦ ਅਤੇ ਗਾਜਰ ਨੂੰ 90 ਦਿਨ ਬਾਅਦ ਪੁੱਟਣਾ ਚਾਹੀਦਾ ਹੈ। ਪੁਟਾਈ ਲੇਟ ਕਰਨ ਨਾਲ ਜੜ੍ਹ ਪੱਕ ਜਾਂਦੀ ਹੈ ਅਤੇ ਚੰਗਾ ਝਾੜ ਨਹੀਂ ਮਿਲਦਾ।

**ਡੱਕਾਂ ਦੀ ਚੋਣ** : ਜਦੋਂ ਜੜ੍ਹਾਂ ਪੂਰੀ ਤਰ੍ਹਾਂ ਬਣ ਜਾਣ, ਵਧੀਆ ਕਿਸਮ ਦੀਆਂ ਜੜ੍ਹਾਂ ਦਾ ਰੰਗ, ਆਕਾਰ, ਬਣਤਰ, ਅੰਦਰਲੀ ਕੋਰ ਦਾ ਆਕਾਰ ਅਤੇ ਰੰਗ ਆਦਿ ਦਾ ਧਿਆਨ ਰੱਖੋ। ਛੋਟੀਆਂ, ਬੇਢੰਗੀਆਂ, ਬਿਮਾਰ, ਜ਼ਿਆਦਾ ਵਾਲਾਂ ਵਾਲੀਆਂ ਦੇ ਦੁਸਾਂਗੜਾਂ ਵਾਲੀਆਂ ਜੜ੍ਹਾਂ ਦੀ ਚੋਣ ਬੀਜ ਉਤਪਾਦਨ ਲਈ ਨਾ ਕਰੋ। ਇੱਕ ਏਕੜ ਵਿਚ ਉਗਾਈਆਂ ਜੜ੍ਹਾਂ ਵਾਲੀਆਂ ਸਬਜ਼ੀਆਂ 4 ਏਕੜ ਬੀਜ ਵਾਲੀ ਫਸਲ ਲਈ ਕਾਫੀ ਹੈ।

**ਡੱਕ ਬਣਾਉਣ ਅਤੇ ਲਗਾਉਣ ਦਾ ਤਰੀਕਾ** : ਡੱਕ ਵਾਸਤੇ ਮੂਲੀ ਤੇ ਗਾਜਰ ਦੀਆਂ ਜੜ੍ਹਾਂ ਦੀ ਤਿੰਨ ਚੌਥਾਈ ਤੇ ਕੱਟੋ ਅਤੇ ਇੱਕ ਤਿਹਾਈ ਪੱਤਿਆਂ ਨੂੰ ਕੱਟੋ ਤਾਂ ਕਿ ਬੀਜ ਫਸਲ ਦਾ ਵਾਧਾ ਜਲਦੀ ਹੋਵੇ ਤੇ ਬੀਜ ਵਾਲੀਆਂ ਸ਼ਾਖਾਂ ਜਲਦੀ ਨਿਕਲਣ। ਸ਼ਲਗਮਾਂ ਲਈ 5 ਸੈ. ਮੀ. ਵਿਆਸ ਤੋਂ ਵੱਧ ਵਾਲੇ ਸ਼ਲਗਮ ਲਾਓ। ਮੂਲੀ, ਗਾਜਰ ਅਤੇ ਸ਼ਲਗਮਾਂ ਦੀਆਂ ਡੱਕਾਂ ਨੂੰ ਕ੍ਰਮਵਾਰ 60×20 ਸੈਂਟੀਮੀਟਰ, 45×30 ਸੈਂਟੀਮੀਟਰ ਅਤੇ 45×15 ਸੈਂਟੀਮੀਟਰ ਦੀ ਦੂਰੀ ਤੇ ਖੇਤ ਵਿਚ ਬੀਜ ਦੀ ਪੈਦਾਵਾਰ ਵਾਸਤੇ ਲਾ ਦਿਓ। 30 ਕਿਲੋ ਨਾਈਟ੍ਰੋਜਨ (65 ਕਿਲੋ ਯੂਰੀਆ), 12 ਕਿਲੋ ਫਾਸਫੋਰਸ (50 ਕਿਲੋ ਸਿੰਗਲ ਸੁਪਰ ਫਾਸਫੇਟ) ਪ੍ਰਤੀ ਏਕੜ ਪਾਓ। ਸਾਰੀ ਫਾਸਫੋਰਸ ਅਤੇ ਅੱਧੀ ਨਾਈਟ੍ਰੋਜਨ ਡੱਕ ਲਗਾਉਣ ਦੇ ਸਮੇਂ ਅਤੇ ਬਾਕੀ ਨਾਈਟ੍ਰੋਜਨ ਡੱਕ ਲਗਾਉਣ ਤੋਂ 30 ਦਿਨ ਬਾਅਦ ਪਾ ਦਿਓ।

**ਖੇਤ ਦਾ ਨਿਰੀਖਣ** : ਸ਼ੁੱਧ ਬੀਜ ਦੀ ਪੈਦਾਵਾਰ ਵਾਸਤੇ ਘੱਟੋ-ਘੱਟ ਚਾਰ ਵਾਰ ਬੂਟਿਆਂ ਦਾ ਨਿਰੀਖਣ ਕਰੋ। ਪਹਿਲਾ ਨਿਰੀਖਣ ਬਿਜਾਈ ਤੋਂ 25-30 ਦਿਨਾਂ ਬਾਅਦ ਕਰੋ ਅਤੇ ਪੱਤਿਆਂ ਦੀ ਬਣਤਰ ਦੀ ਭਿੰਨਤਾਵਾਂ ਤੇ ਅਨੁਸਾਰ ਅਣਚਾਹੇ ਬੂਟੇ ਕੱਢ ਦਿਓ। ਦੂਸਰਾ ਨਿਰੀਖਣ ਡੱਕ ਬਣਾਉਣ ਸਮੇਂ ਕਰੋ ਅਤੇ ਜਿਹੜੀਆਂ ਜੜ੍ਹਾਂ ਦਾ ਰੰਗ, ਆਕਾਰ, ਬਣਤਰ, ਅੰਦਰਲੀ ਕੋਰ ਦਾ ਆਕਾਰ ਅਤੇ ਰੰਗ ਆਦਿ ਵਿਚ ਭਿੰਨਤਾਵਾਂ ਦਿਖਾਉਂਦੀਆਂ ਹੋਣ ਤਾਂ ਉਨ੍ਹਾਂ ਨੂੰ ਪੁੱਟ ਦਿਓ ਤਾਂਕਿ ਸ਼ੁੱਧ ਬੀਜ ਤਿਆਰ ਕੀਤਾ ਜਾ ਸਕੇ। ਤੀਸਰਾ ਨਿਰੀਖਣ ਫੁੱਲ ਲੱਗਣ ਤੇ ਹੋਣਾ ਚਾਹੀਦਾ ਹੈ ਅਗੇਤੇ ਅਤੇ ਪਛੇਤੇ ਨਿਸਰਣ ਵਾਲੇ ਜਾਂ ਕੋਈ ਵਾਧੂ ਬੂਟਾ ਖੇਤ ਵਿਚੋਂ ਪੁੱਟ ਦਿਓ। ਚੌਥਾ ਨਿਰੀਖਣ ਬੀਜ ਬਣਨ ਵੇਲੇ ਕਰਨਾ ਚਾਹੀਦਾ ਹੈ ਤਾਂ ਕਿ ਫਲੀ ਦਾ ਆਕਾਰ, ਬਣਤਰ, ਰੰਗ ਆਦਿ ਮੁੱਖ ਕਿਸਮ ਨਾਲ ਮੇਲ ਕਰਦੇ ਹੋਣ।

**ਬੀਜ ਦੀ ਤੁੜਾਈ** : ਮੂਲੀ ਅਤੇ ਸ਼ਲਗਮ ਦੇ ਬੀਜ ਦੀ ਕਟਾਈ ਉਦੋਂ ਕਰੋ ਜਦੋਂ ਫਲੀ ਦਾ ਰੰਗ ਲਾਲ-ਭੂਰਾ ਹੋ ਜਾਵੇ। ਗਾਜਰ ਦਾ ਬੀਜ ਇਕਸਾਰ ਨਹੀਂ ਪੱਕਦਾ। ਇਸ ਲਈ ਜਦ ਮੁੱਖ ਤੇ ਪਹਿਲੀ ਲੜੀ ਦੇ ਬੀਜ ਪੱਕ ਜਾਣ ਤਾਂ ਕਟਾਈ ਕਰ ਲੈਣੀ ਚਾਹੀਦੀ ਹੈ। ਕਟਾਈ ਕਰਨ ਤੋਂ ਬਾਅਦ ਬੂਟਿਆਂ ਨੂੰ ਕੁੱਝ ਦਿਨਾਂ ਲਈ ਛਾਂ ਹੇਠਾਂ ਸੁਕਾ ਕੇ ਬੀਜ ਕੱਢ ਲਓ। ਪੈਕਿੰਗ ਕਰਨ ਤੋਂ ਪਹਿਲਾਂ ਬੀਜ ਨੂੰ ਚੰਗੀ ਤਰ੍ਹਾਂ ਸਾਫ ਤੇ ਸੁਕਾ ਲੈਣਾ ਚਾਹੀਦਾ ਹੈ।

ਇਹਨਾਂ ਨੁਕਤਿਆਂ ਨੂੰ ਧਿਆਨ ਵਿਚ ਰੱਖ ਕੇ ਕਿਸਾਨ ਵੀਰ ਆਸਾਨੀ ਨਾਲ ਸ਼ੁੱਧ ਅਤੇ ਉੱਚ-ਗੁਣਵਤਾ ਵਾਲਾ ਬੀਜ ਆਪਣੇ ਖੇਤ ਵਿਚ ਤਿਆਰ ਕਰ ਸਕਦੇ ਹਨ।

# ਲੱਸਣ ਦੀ ਵਾਢੀ ਤੋਂ ਬਾਅਦ ਦੀ ਪ੍ਰੋਸੈਸਿੰਗ ਅਤੇ ਸਾਂਭ-ਸੰਭਾਲ

ਮਨਿੰਦਰ ਕੌਰ, ਕਿਰਨਦੀਪ ਅਤੇ ਪ੍ਰੀਤਇੰਦਰ ਕੌਰ,
ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ (ਮੋ. 98881-62335)



ਬਹੁਤ ਸਾਰੀਆਂ ਪ੍ਰੋਸੈਸਿੰਗ ਤਕਨੀਕਾਂ ਉਪਲਬਧ ਹਨ ਜੋ ਲਸਣ ਦੀ ਖਪਤ ਨੂੰ ਵਧਾਉਣ ਵਿਚ ਮਦਦ ਕਰ ਸਕਦੀਆਂ ਹਨ। ਕਿਸੇ ਵੀ ਉਪਯੋਗੀ ਰੂਪ ਵਿਚ ਪ੍ਰੋਸੈਸਿੰਗ ਕਰਨ ਤੋਂ ਪਹਿਲਾਂ, ਲਸਣ ਨੂੰ ਤਣੇ/ਜੜ੍ਹ ਤੋਂ ਵੱਖ ਕਰਨ ਲਈ ਲਸਣ ਦੇ ਬਲਬ ਨੂੰ ਤੋੜਨ ਦੀ ਲੋੜ ਹੁੰਦੀ ਹੈ ਅਤੇ ਬਾਅਦ ਵਿਚ ਛਿਲਕਾ ਉਤਾਰ ਦਿੱਤਾ ਜਾਂਦਾ ਹੈ। ਲਸਣ ਪ੍ਰੋਸੈਸਰਾਂ ਦੁਆਰਾ ਚਾਰ ਵੱਖ-ਵੱਖ ਤਰੀਕੇ ਵਰਤੇ ਜਾ ਰਹੇ ਹਨ ਜਿਵੇਂ ਕਿ : ਲਾਈ ਨਾਲ ਛਿੱਲਣਾ, ਪਾਣੀ ਵਿਚ ਡੁਬੋਣਾ/ਰਗੜਨਾ, ਓਵਨ ਦੀ ਮੱਦਦ ਨਾਲ ਛਿੱਲਣਾ ਅਤੇ ਅੱਗ ਦੀ ਲਾਟ ਨਾਲ ਛਿੱਲਣਾ।

## ਪੈਕੇਜਿੰਗ ਤਕਨੀਕਾਂ

**ਸੰਸ਼ੋਧਿਤ ਵਾਯੂਮੰਡਲ ਪੈਕੇਜਿੰਗ** : ਇਸ ਤਕਨੀਕ ਵਿਚ ਦੋ ਤਰ੍ਹਾਂ ਦੀ



ਪੈਕੇਜਿੰਗ ਸ਼ਾਮਲ ਹੈ, ਕਿਰਿਆਸ਼ੀਲ ਅਤੇ ਪੈਸਿਵ ਪੈਕੇਜਿੰਗ। ਕਿਰਿਆਸ਼ੀਲ ਪੈਕੇਜਿੰਗ ਵਿੱਚ, ਆਮ ਤੌਰ 'ਤੇ ਇੱਕ ਨਾਈਟ੍ਰੋਜਨ ਗੈਸ ਨੂੰ ਇੱਕ ਰੋਗਾਣੂੰਨਾਸ਼ਕ ਗੈਸ ਜਿਵੇਂ ਕਿ ਕਾਰਬਨ ਡਾਇਆਕਸਾਈਡ ਨਾਲ ਮਿਲਾ ਕੇ ਫਲੱਸ਼ ਕੀਤਾ ਜਾਂਦਾ ਹੈ, ਜੋ ਕਿ ਭੋਜਨ ਦੀ ਸ਼ੈਲਫ ਲਾਈਫ ਨੂੰ ਵਧਾਉਣ ਲਈ ਮਦਦ ਕਰਦਾ ਹੈ। ਕਲਿੰਗ ਰੈਪਿੰਗ ਪੈਸਿਵ ਮੋਡੀਫਾਈਡ ਵਾਯੂਮੰਡਲ ਪੈਕੇਜਿੰਗ ਹੈ ਜਿਸ ਵਿਚ ਪੀ ਵੀ ਸੀ ਪਨੈਟਸ ਨੂੰ ਕਲਿੰਗ ਫਿਲਮ ਨਾਲ ਓਵਰਰੈਪ ਕੀਤਾ ਜਾਂਦਾ ਹੈ ਤਾਂ ਜੋ ਛਿਲੇ ਹੋਏ ਲਸਣ ਦੀਆਂ ਕਲੀਆਂ ਦੀ ਸ਼ੈਲਫ ਲਾਈਫ ਨੂੰ ਵਧਾਇਆ ਜਾ ਸਕੇ।

**ਹਵਾ ਰਹਿਤ ਪੈਕੇਜਿੰਗ** : ਹਵਾ ਰਹਿਤ (ਵੈਕਿਊਮ) ਪੈਕਿੰਗ ਪੈਕੇਜਿੰਗ ਦਾ ਇੱਕ ਤਰੀਕਾ ਹੈ ਜੋ ਪੈਕੇਜ ਨੂੰ ਬੰਦ ਕਰਨ ਤੋਂ ਪਹਿਲਾਂ ਪੈਕੇਜ ਵਿੱਚੋਂ ਹਵਾ ਨੂੰ ਹਫਾ ਦਿੰਦਾ ਹੈ। ਇਸ ਪੈਕਿੰਗ ਦਾ ਉਦੇਸ਼ ਆਮ ਤੌਰ 'ਤੇ ਭੋਜਨ ਦੀ ਸ਼ੈਲਫ ਲਾਈਫ ਨੂੰ ਵਧਾਉਣ ਲਈ ਪੈਕੇਜ ਵਿੱਚੋਂ ਆਕਸੀਜਨ ਨੂੰ ਹਟਾਉਣਾ ਹੁੰਦਾ ਹੈ। ਇਸ ਲਈ ਵੱਖ-ਵੱਖ ਪੈਕੇਜਿੰਗ ਮਸ਼ੀਨਾਂ ਅਤੇ ਸੀਲਰਾਂ ਦੀ ਵਰਤੋਂ ਕੀਤੀ ਜਾਂਦੀ ਹੈ।

## ਪ੍ਰੋਸੈਸਿੰਗ ਤਕਨੀਕਾਂ :

**ਸੁਕਾਉਣਾ :**

**ਸੂਰਜੀ ਊਰਜਾ ਨਾਲ ਸੁਕਾਉਣਾ** : ਸੂਰਜੀ ਊਰਜਾ ਨਾਲ ਸੁਕਾਉਣ ਵਾਲੀ ਤਕਨੀਕ ਵਿਚ ਸੁਕਾਉਣ ਦੀ ਦਰ ਤੇਜ਼ ਹੁੰਦੀ ਹੈ ਜਿਸ ਵਚ ਹਵਾ ਨੂੰ ਚੌਗਿਰਦੇ ਤੋਂ 10-30 ਡਿਗਰੀ ਸੈਲਸੀਅਸ ਤੱਕ ਗਰਮ ਕੀਤਾ ਜਾਂਦਾ ਹੈ, ਜਿਸ ਨਾਲ ਨਮੀ/ਘੱਟਦੀ ਹੈ।

**ਕੈਬਿਨੇਟ/ਟਰੇ ਡਰਾਯਰ ਨਾਲ ਸੁਕਾਉਣਾ** : ਲਸਣ ਨੂੰ ਟਰੇਆਂ 'ਤੇ ਖਿਲਾਰ ਕੇ ਸੁਕਾਇਆ ਜਾਂਦਾ ਹੈ ਜੋ ਕਿ ਛੇਦ ਵਾਲੇ ਜਾਂ ਗੈਰ-ਛਿੱਤੇ ਵਾਲੇ ਹੋ ਸਕਦੇਹਨ। ਇਹ ਤਕਨੀਕ ਸੂਰਜੀ ਊਰਜਾ ਨਾਲ ਸੁਕਾਉਣ ਅਤੇ ਹੋਰ ਸੁਕਾਉਣ ਦੀਆਂ ਤਕਨੀਕਾਂ ਨਾਲੋਂ ਵਧੀਆ ਅਤੇ ਸਰਵੋਤਮ ਹੈ। ਆਮ ਤੌਰ 'ਤੇ 2 ਮੀਟਰ /ਸੈਕਿੰਡ ਵੀ ਹਵਾ ਦੇ ਵੇਗ 'ਤੇ 1 ਘੰਟੇ ਲਈ 60 ਡਿਗਰੀ ਸੈਲਸੀਅਸ ਤਾਪਮਾਨ ਤੇ ਸੁਕਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

**ਮਾਈਕ੍ਰੋਵੇਵ ਡਰਾਯਰ ਨਾਲ ਸੁਕਾਉਣਾ** : ਮਾਈਕ੍ਰੋਵੇਵ ਡਰਾਯਰ ਨਾਲ ਸੁਕਾਉਣ ਨੂੰ ਵਿਅਕਤੀਗਤ ਤੌਰ 'ਤੇ ਜਾਂ ਫਿਰ ਰਵਾਇਤੀ ਸੁਕਾਉਣ ਦੇ ਤਰੀਕਿਆਂ ਨਾਲ ਸੁਮੇਲ ਕਰਕੇ ਵਰਤਿਆ ਜਾ ਸਕਦਾ ਹੈ। ਮਾਈਕ੍ਰੋਵੇਵ ਡਰਾਯਰ ਨਾਲ ਸੁਕਾਉਣ ਲਈ ਸਭ ਤੋਂ ਵਧੀਆ ਢੁਕਵੇਂ ਮਾਪਦੰਡ 40 ਵਾਟ ਦੀ ਨਿਰੰਤਰ ਸ਼ਕਤੀ ਅਤੇ 1.0 ਅਤੇ 2.0 ਮੀਟਰ/ਸੈਕਿੰਡ ਦੇ ਹਵਾ ਦੇ ਵੇਗ ਹਨ।

**ਭੁੰਨਣਾ** : ਛਿਲੇ ਹੋਏ ਲਸਣ ਨੂੰ ਬੇਕਿੰਗ ਡਿਸ਼ ਵਿਚ ਲਪੇਟੋ ਅਤੇ 180 ਡਿਗਰੀ ਸੈਲਸੀਅਸ 'ਤੇ 45-60 ਮਿੰਟ ਲਈ ਬੇਕ ਕਰੋ। ਲੂਣ ਅਤੇ ਹੋਰ ਜੜ੍ਹੀ ਬੂਟੀਆਂ ਦੀ ਚੁਟਕੀ ਨਾਲ ਸਾਈਡ ਸਬਜ਼ੀ ਦੇ ਤੌਰ 'ਤੇ ਵਰਤੇ ਜਾਣ ਲਈ ਜੈਤੂਨ ਦੇ ਤੇਲ ਜਾਂ ਕੁਝ ਗ੍ਰੀਸਿੰਗ ਏਜੰਟ ਨਾਲ ਛਿੜਕ ਦਿਓ।

**ਫ੍ਰੀਜ਼ਿੰਗ** : ਲਸਣ ਨੂੰ ਛਿੱਲ ਕੇ ਫਰੀਜ਼ਰ ਬੈਗ ਵਿਚ ਰੱਖਿਆ ਜਾ ਸਕਦਾ ਹੈ। ਲਸਣ ਨੂੰ ਠੰਢਾ ਕਰਨ ਦਾ ਇੱਕ ਹੋਰ ਤਰੀਕਾ ਹੈ ਜਿਸ ਵਿਚ ਇਸ ਨੂੰ ਕੱਟ ਕੇ ਪਲਾਸਟਿਕ ਜਾਂ ਫ੍ਰੀਜ਼ਰ ਬੈਗ ਵਿਚ ਲਪੇਟ ਕੇ ਰੱਖਿਆ ਜਾ ਸਕਦਾ ਹੈ।


## ਸਾਂਭ-ਸੰਭਾਲ ਦੀਆਂ ਤਕਨੀਕਾਂ

**ਲਸਣ ਨੂੰ ਤੇਲ/ਸਿਰਕਾ/ਵਾਈਨ ਵਿਚ ਰੱਖਣਾ** : ਇਸ ਤਕਨੀਕ ਵਿਚ ਛਿੱਲੇ ਹੋਏ ਲਸਣ ਨੂੰ ਵਾਈਨ ਜਾਂ ਸਿਰਕੇ ਵਿਚ ਮਿਲਾ ਕੇ ਫਰਿੱਜ਼ ਵਿਚ ਰੱਖਿਆ ਜਾਂਦਾ ਹੈ ਜਿਸ ਨਾਲ ਲਗਭਗ ਚਾਰ ਮਹੀਨਿਆਂ ਲਈ ਲਸਣ-ਤਰਲ ਮਿਸ਼ਰਣ ਸੁਰੱਖਿਅਤ ਰਹਿੰਦੀ ਹੈ।

**ਲਸਣ ਦਾ ਪੇਸਟ/ਪਿਊਰੀ** : ਇਕ ਸਮਾਨ ਪੇਸਟ ਪ੍ਰਾਪਤ ਕਰਨ ਲਈ ਸਾਫ ਕੀਤੇ ਲਸਣ ਨੂੰ ਛਿੱਲਿਆ ਜਾਂਦਾ ਅਤੇ ਧਿਆਨ ਨਾਲ ਉਬਾਲਿਆ ਜਾਂਦਾ ਹੈ। ਇੱਕ ਮਨਮੋਹਕ ਦਿੱਖ ਅਤੇ ਚੰਗੀ ਸ਼ੈਲਫ-ਲਾਈਫ ਨੂੰ ਯਕੀਨੀ ਬਣਾਉਣ ਲਈ, ਲੂਣ ਦੇ ਨਾਲ ਬਲੈਚਿੰਗ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਲਸਣ ਦੀ ਪਿਊਰੀ ਲਈ ਇੱਕ ਹਿੱਸਾ ਛਿੱਲੇ ਹੋਏ ਲਸਣ ਦੀਆਂ ਕਲੀਆਂ ਨੂੰ ਬਲੈਂਡਰ ਜਾਂ ਫੂਡ ਪ੍ਰੋਸੈਸਰ ਵਿਚ ਦੋ ਹਿੱਸੇ ਜੈਤੂਨ ਦੇ ਤੇਲ ਦੇ ਨਾਲ ਮਿਲਾ ਕੇ ਤਿਆਰ ਕੀਤਾ ਜਾਂਦਾ ਹੈ।

**ਲਸਣ ਦਾ ਆਚਾਰ** : ਪੂਰੇ ਜਾਂ ਕੱਟੇ ਹੋਏ ਲਸਣ ਨੂੰ ਸਿਰਕੇ ਜਾਂ ਬ੍ਰਾਈਨ ਜਾਂ ਸਬਜ਼ੀਆਂ ਦੇ ਤੇਲ ਜਾਂ ਉਨ੍ਹਾਂ ਦੇ ਸੰਜੋਗਾਂ ਵਿਚ ਅਚਾਰਿਆ ਜਾਂਦਾ ਹੈ।

**ਲਸਣ ਦਾ ਲੂਣ** : ਲਸਣ ਦਾ ਲੂਣ ਗੈਰ-ਆਇਓਡੀਨਾਈਜ਼ਲ ਲੂਣ ਦੇ ਇਕਸਾਰ ਵਹਿਣ ਵਾਲੇ, ਸੁੱਕੇ ਮਿਸ਼ਰਣ ਤੋਂ ਤਿਆਰ ਕੀਤਾ ਜਾਂਦਾ ਹੈ।





# ਮਧੂ-ਮੱਖੀ ਪਾਲਣ

## ਘੱਟ ਲਾਗਤ – ਵੱਧ ਮੁਨਾਫਾ

ਸ਼ਹਿਦ ਮੱਖੀ ਪਾਲਣ ਇਕ ਬਹੁਤ ਹੀ ਨਿਵੇਕਲਾ, ਮਨੋਰੰਜਨ ਭਰਪੂਰ ਅਤੇ ਸਾਫ-ਸੁਥਰਾ ਕੰਮ ਹੈ। ਇਸ ਕਿੱਤੇ ਦਾ ਕਿਸੇ ਹੋਰ ਸਹਾਇਕ ਕਿੱਤੇ ਨਾਲ ਮੁਕਾਬਲਾ ਕਰੀਏ ਤਾਂ ਇਸ ਵਿਚ ਸਾਨੂੰ ਸ਼ਹਿਦ ਤੋਂ ਇਲਾਵਾ ਕਈ ਹੋਰ ਪਦਾਰਥ ਮਿਲਦੇ ਹਨ, ਜਦੋਂਕਿ ਡੇਅਰੀ ਤੋਂ ਸਿਰਫ ਦੁੱਧ, ਮੁਰਗੀ ਪਾਲਣ ਵਿੱਚ ਆਂਡੇ, ਆਦਿ ਇੱਕ-ਇੱਕ ਪਦਾਰਥ ਦੀ ਹੀ ਪ੍ਰਾਪਤੀ ਹੁੰਦੀ ਹੈ। ਸਭ ਦਾ ਵੱਡਾ ਫਾਇਦਾ ਮੱਖੀਆਂ ਵਲੋਂ ਕੀਤੀ ਜਾਣ ਵਾਲੀ ਪਰਪਰਾਗਣ ਦੀ ਕਿਰਿਆ ਹੈ। ਵਿਸ਼ਵ ਪੱਧਰ ਤੇ ਕੀੜਿਆਂ ਵਲੋਂ ਕੀਤੇ ਜਾਣ ਵਾਲੇ ਪਰਪਰਾਗਣ ਕਰਕੇ ਸਾਲਾਨਾ 153 ਬਿਲੀਅਨ ਦੀ ਆਮਦਨ ਹੋ



ਰਹੀ ਹੈ। 80-85% ਪਰਪਰਾਗਣ ਦੀ ਕਿਰਿਆ ਵੱਖ-ਵੱਖ ਕੀੜਿਆਂ ਵੱਲੋਂ ਕੀਤੀ ਜਾਂਦੀ ਹੈ, ਜਿਸ ਵਿੱਚੋਂ 75-80 ਯੋਗਦਾਨ ਮਧੂ-ਮੱਖੀਆਂ ਦਾ ਹੁੰਦਾ ਹੈ। ਪਰਪਰਾਗਣ ਦੀ ਕਿਰਿਆ ਕਰਕੇ ਫਸਲ ਦੇ ਝਾੜ ਅਤੇ ਗੁਣਵੱਤਾਂ ਵਿਚ ਵਾਧਾ ਹੁੰਦਾ ਹੈ, ਇਸ ਪਰਪਰਾਗਣ ਕਰਕੇ ਸਬਜ਼ੀਆਂ ਜਿਵੇਂ ਕਿ ਕੱਦੂ ਜਾਤੀ ਦੀਆਂ ਸਬਜ਼ੀਆਂ (ਘੀਆ, ਕਰੇਲੇ, ਕੱਦੂ, ਤੋਰੀਆ, ਖੀਰੇ, ਖਰਬੂਜਾ ਹਦਵਾਣਾ ਆਦਿ) ਪਿਆਜ, ਭਿੰਡੀ ਆਦਿ ਦੀ ਪੈਦਾਵਾਰ ਵਧਦੀ ਹੈ। ਮੱਖੀ ਫਾਰਮ ਹਮੇਸ਼ਾਂ ਸੜਕ ਤੋਂ ਥੋੜਾ ਹੱਟ ਕੇ ਸ਼ਾਂਤਮਈ ਜਗ੍ਹਾ ਦੇ ਖੋਲ੍ਹੋ। ਜੇਕਰ ਇਸ ਕਿੱਤੇ ਨਾਲ ਸੰਬੰਧਿਤ ਸਫਲ ਮੱਖੀ ਪਾਲਕਾਂ ਦੀ ਗੱਲ ਕਰੀਏ ਤਾਂ ਇਹ ਨਾਮ ਸੈਂਕੜਿਆਂ ਵਿਚ ਨਜਰ ਆਣਗੇ ਇਹਨਾਂ ਵਿੱਚੋਂ ਇਕ ਚਮਕਦਾ ਨਾਮ ਹੈ ਸ. ਜਤਿੰਦਰ ਸਿੰਘ ਜੀ ਦਾ ਜੋ ਕਿ ਕਪੂਰਥਲਾ ਜ਼ਿਲ੍ਹੇ ਦੇ ਨਿਵਾਸੀ ਹਨ। ਇਹਨਾਂ ਨੇ ਮਕੈਨੀਕਲ ਇੰਜੀਨੀਅਰਿੰਗ ਵਿਚ ਡਿਪਲੋਮਾ ਕਰਨ ਤੋਂ ਬਾਅਦ ਛੇ ਮਹੀਨੇ ਪ੍ਰਾਈਵੇਟ ਨੌਕਰੀ ਵੀ ਕੀਤੀ, ਪਰ ਥੋੜੀ ਤਨਖਾਹ ਹੋਣ ਕਰਕੇ ਗੁਜ਼ਾਰਾ ਮੁਸ਼ਕਲ ਹੋ ਰਿਹਾ ਸੀ। ਸੋ ਇਹਨਾਂ ਨੇ ਮਧੂ ਮੱਖੀ ਪਾਲਣ ਦੇ ਸਹਾਇਕ ਕਿੱਤੇ ਨੂੰ ਅਪਣਾਉਣ ਬਾਰੇ ਸੋਚਿਆ ਤੇ ਇਸ ਸੰਬੰਧ ਵਿਚ ਸਾਲ 2015 ਵਿਚ ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ ਤੋਂ ਟ੍ਰੇਨਿੰਗ ਲਈ। ਫਿਰ ਉਸੇ ਸਾਲ 5 ਕਟੂੰਬਾਂ ਨਾਲ ਇਸ ਕੰਮ ਦੀ ਸ਼ੁਰੂਆਤ ਕੀਤੀ। ਅਗਲੇ ਸਾਲ 2016 ਵਿਚ ਕਟੂੰਬਾਂ ਦੀ ਗਿਣਤੀ ਵਧਾ ਕੇ 80 ਕੀਤੀ ਤੇ ਹੁਣ ਉਹਨਾਂ ਕੋਲ 800 ਕਟੂੰਬ ਨੇ ਜਿਹਨਾਂ ਤੋਂ ਉਹਨਾਂ ਨੂੰ ਲੱਖਾਂ ਦੀ ਆਮਦਨ ਹੋ ਰਹੀ ਹੈ। ਉਹ ਆਪਣੇ ਇਸ ਕੰਮ ਤੋਂ ਪੂਰੀ ਤਰ੍ਹਾਂ ਨਾਲ ਸੰਤੁਸ਼ਟ ਹਨ ਅਤੇ ਨਾਲ ਹੀ ਹੋਰ ਕਿਸਾਨਾਂ ਨੂੰ ਵੀ ਇਹ ਕਿੱਤਾ ਸ਼ੁਰੂ ਕਰਨ ਲਈ ਉਤਸ਼ਾਹਿਤ ਕਰਦੇ ਹਨ।

ਸੋ ਅੱਜ ਲੋੜ ਹੈ, ਕਿਸਾਨ ਵੀਰਾਂ ਨੂੰ ਕਿਸਾਨੀ ਦੇ ਨਾਲ-ਨਾਲ ਸਹਾਇਕ ਕਿੱਤਿਆਂ ਨੂੰ ਅਪਣਾਉਣ ਦੀ ਤਾਂ ਜੋ ਉਹ ਇਹਨਾਂ ਬੁਰੇ ਹਾਲਤਾਂ ਵਿੱਚੋਂ ਬਾਹਰ ਨਿਕਲ ਸਕਣ ਕਿਉਂਕਿ ਅੱਜ ਕੱਲ ਦੇ ਸਮੇਂ ਵਿਚ ਖੇਤੀ ਵਿਚ ਵਿਹਲੇ ਸਮੇਂ ਨੂੰ ਵਰਤਣਾ ਇੱਕ ਲੋੜ ਵੀ ਹੈ ਤੇ ਇੱਕ ਲਿਆਕਤ ਵੀ।

**ਸੁਮਨ ਕੁਮਾਰੀ ਅਤੇ ਹਰਿੰਦਰ ਸਿੰਘ,**
**ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ**
(ਮੋ. 94781-38525)

**"ਪਿਛਲੇ ਕੁਝ ਦਹਾਕਿਆਂ ਤੋਂ ਕੀਟਨਾਸ਼ਕਾਂ ਦੀ ਵਰਤੋਂ ਕਈ ਗੁਣਾਂ ਵਧ ਗਈ ਹੈ। ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਨੇ ਧਰਤੀ ਦੇ ਨਾਜ਼ੁਕ ਤਾਣੇ ਬਾਣੇ ਨੂੰ ਤਹਿਸ ਨਹਿਸ ਕਰਕੇ ਰੱਖ ਦਿੱਤਾ ਹੈ। ਇਸ ਨਾਲ ਕੀਟ ਪਤੰਗੇ ਫਸਲਾਂ ਲਈ ਸਹਿਯੋਗ ਕਰਨ ਵਾਲੇ ਛੋਟੇ ਜੀਵ ਜੰਤੂ ਵੀ ਹਾਨੀਕਾਰਕ ਪਤੰਗਿਆਂ ਤੋਂ ਇਲਾਵਾ ਫਸਲਾਂ ਲਈ ਪ੍ਰਭਾਵਿਤ ਹੋਏ ਹਨ। ਪਸ਼ੂ ਪੰਛੀ ਅਤੇ ਜਲ ਜੀਵ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਇਕ ਬਰੀਕ ਗੱਲ ਜਿਸ ਨੂੰ ਸਮਝਿਆ ਨਹੀਂ ਜਾ ਰਿਹਾ ਉਹ ਇਹ ਹੈ ਕਿ ਪਰਾਗਣ ਕਰਨ ਵਾਲੇ ਜੀਵ ਜਿਵੇਂ ਮਧੂਮੱਖੀਆਂ ਤਿਤਲੀਆਂ ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਨਾਲ ਵੱਡੀ ਗਿਣਤੀ ਵਿਚ ਮਰ ਜਾਂਦੇ ਹਨ। ਇਸ ਨਾਲ ਫਸਲਾਂ ਦੇ ਉਤਪਾਦਨ 'ਤੇ ਉਲਟਾ ਪ੍ਰਭਾਵ ਵੀ ਪੈਂਦਾ ਹੈ।"**

# ਲਾਲਚ ਤੇ ਅਗਿਆਨਤਾ ਬਣ ਰਹੇ ਹਨ ਜੀਵਨ ਲਈ ਸੰਕਟ

ਗੁਰਚਰਨ ਸਿੰਘ ਨੂਰਪੁਰ, ਜ਼ੀਰਾ
ਮੋਬਾਈਲ 98550-51099

ਹੁਣ ਅਸੀਂ ਜਦੋਂ ਵੀ ਆਪਣੇ ਆਹਾਰ ਲਈ ਬਾਜ਼ਾਰ 'ਚੋਂ ਕੁਝ ਖਰੀਦਣ ਜਾਂਦੇ ਹਾਂ ਤਾਂ ਕੁਝ ਕੁ ਮਾਤਰਾ ਜ਼ਹਿਰ ਦੀ ਵੀ ਖਰੀਦ ਕੇ ਲਿਆਉਂਦੇ ਹਾਂ। ਮਨੁੱਖ ਦੇ ਲਾਲਚਾਂ ਖੁਦਗਰਜ਼ੀਆਂ ਅਤੇ ਮੁਨਾਫਿਆਂ ਦੀ ਬਦੌਲਤ ਅਸੀਂ ਸਾਰੇ ਧੀਮੀ ਮੌਤ ਮਰ ਰਹੇ ਹਾਂ ਅਤੇ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਜਾ ਰਹੇ ਹਾਂ। ਹਰ ਸਾਲ ਹਜ਼ਾਰਾਂ ਟਨ ਸਪਰੇਅ ਕੀਟਾਂ ਨੂੰ ਮਾਰਨ ਲਈ ਫਸਲਾਂ, ਅਨਾਜਾਂ ਅਤੇ ਫਲਾਂ 'ਤੇ ਕੀਤੀ ਜਾਂਦੀ ਹੈ। ਜ਼ਹਿਰਾਂ ਦੇ ਛਿੜਕਾਅ ਲਈ ਛੋਟੀਆਂ ਹੱਥ ਨਾਲ ਚੱਲਣ ਵਾਲੀਆਂ ਮਸ਼ੀਨਾਂ ਦਾ ਯੁੱਗ ਬੀਤ ਰਿਹਾ ਹੈ। ਹੁਣ ਦਵਾਈਆਂ ਦੇ ਛਿੜਕਾਅ ਲਈ ਹੈਲੀਕਾਪਟਰਾਂ ਦੀ ਵਰਤੋਂ ਹੋਣ ਲੱਗੀ ਹੈ। ਭਾਰਤ ਵਿਚ ਹੀ ਨਹੀਂ ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ ਵੀ ਕੀਟਨਾਸ਼ਕਾਂ ਦੇ ਬੁਰੇ ਪ੍ਰਭਾਵਾਂ ਨੂੰ ਪ੍ਰਤੱਖ ਦੇਖਿਆ ਜਾ ਸਕਦਾ ਹੈ। ਅਨਾਜ, ਫਲ, ਸਬਜ਼ੀਆਂ ਭਵਿੱਖ ਵਿਚ ਅਮੀਰਾਂ ਲਈ ਹੋਰ ਤੇ ਗਰੀਬਾਂ ਲਈ ਹੋਰ ਹੋਣਗੀਆਂ। ਪੂਰੀ ਦੁਨੀਆਂ ਵਿਚ ਜੇਕਰ ਕੀਟਨਾਸ਼ਕ ਬਣਾਉਣ ਦਾ ਸਾਰਾ ਕਾਰੋਬਾਰ ਬੰਦ ਹੋ ਜਾਵੇ ਤਾਂ ਵੀ ਸਾਡੀ ਇਹ ਧਰਤੀ ਮਨੁੱਖਾਂ ਸਮੇਤ ਸਭ ਜੀਵਾਂ ਲਈ ਢੁੱਕਵੀਂ ਖੁਰਾਕ ਪੈਦਾ ਕਰਨ ਦੇ ਸਮਰੱਥ ਹੈ। ਵਿਕਸਿਤ ਦੇਸ਼ਾਂ ਸਮੇਤ ਦੁਨੀਆਂ ਦੇ ਹੋਰ ਮੁਲਕਾਂ ਵਿਚ ਵੀ ਜ਼ਹਿਰਾਂ ਦੀ ਖਪਤ ਦਾ ਵਰਤਾਰਾ ਆਮ ਕਿਉਂ ਹੋ ਗਿਆ ਹੈ? ਸਾਨੂੰ ਸਮਝਣਾ ਹੋਵੇਗਾ ਕਿ ਇਸ ਪਿੱਛੇ ਖਾਸ ਕਾਰਨ ਕੀ ਹਨ?

ਸੰਨ 1962 ਵਿਚ ਅਮਰੀਕੀ ਲੇਖਕਾ ਤੇ ਵਿਗਿਆਨੀ ਰਿਚਲ ਕਾਰਸਨ ਦੀ ਕਿਤਾਬ ਆਈ 'ਸਾਇਲੈਂਟ ਸਪਰਿੰਗ'। ਸਾਇਲੈਂਟ ਸਪਰਿੰਗ ਦਾ ਅਰਥ ਇਹ ਲਿਆ ਜਾਂਦਾ ਹੈ ਕਿ ਭਵਿੱਖ ਵਿਚ ਬਸੰਤ ਦਾ ਹੋਵੇਗੀ ਪਰ ਇਹ ਖਾਮੋਸ਼ ਹੋਵੇਗੀ। ਬਹਾਰ ਹੋਵੇਗੀ ਪਰ ਚਿੜੀਆਂ ਨਹੀਂ ਗਾਉਣਗੀਆਂ। ਇਸ ਕਿਤਾਬ ਨਾਲ ਪੂਰੀ ਦੁਨੀਆਂ ਵਿਚ ਤਹਿਲਕਾ ਮਚ ਗਿਆ ਸੀ। ਦੂਜੇ ਵਿਸ਼ਵ ਯੁੱਧ ਦੌਰਾਨ ਡੀ ਡੀ ਟੀ ਅਤੇ ਹੋਰ ਕੀਟਨਾਸ਼ਕ ਵਰਤੋਂ ਵਿਚ ਲਿਆਂਦੇ ਗਏ। ਦੂਜੇ ਵਿਸ਼ਵ ਯੁੱਧ ਵਿਚ ਲੜਾਕੇ ਜਿੱਥੇ ਦੂਰ ਦੁਰਾਡੇ ਜੰਗਲੀ ਇਲਾਕਿਆਂ ਵਿਚ ਤੰਬੂ ਲਾ ਕੇ ਰਹਿੰਦੇ ਸਨ ਜਾਂ ਹੋਰ ਯੁੱਧ ਲੜਨ ਵਾਲੀਆਂ ਕਠਨ ਥਾਵਾਂ 'ਤੇ ਜਾਂਦੇ ਸਨ, ਉੱਥੇ ਉਹ ਮੱਛਰਾਂ, ਮੱਖੀਆਂ ਅਤੇ ਛੋਟੇ ਕੀੜੇ ਮਕੌੜਿਆਂ ਨੂੰ ਮਾਰਨ ਲਈ ਇਨ੍ਹਾਂ ਕੈਮੀਕਲਾਂ ਦੀ ਵਰਤੋਂ ਕਰਦੇ ਸਨ। ਸੰਨ 1945 ਵਿਚ ਯੁੱਧ ਖਤਮ ਹੋ ਗਿਆ ਤੇ ਇਹ ਵੱਡੀ ਰਸਾਇਣਕ ਸਨਅਤ ਅਤੇ ਇਸ ਦੀ ਪੈਦਾਵਾਰ ਪੂਰੀ ਤਰ੍ਹਾਂ ਬੇਲੋੜੀ ਹੋ ਗਈ। ਅਮਰੀਕਾ ਦੇ ਨੀਤੀ ਘਾੜਿਆਂ ਨੇ ਸੋਚਿਆ ਕਿ ਇੰਨਾ ਵੱਡਾ ਸਰਮਾਇਆ ਲਾ ਕੇ ਇਹ ਸਨਅਤ ਖੜ੍ਹੀ ਕੀਤੀ ਹੈ ਇਹ ਸਭ ਕੁਝ ਬਰਬਾਦ ਹੋ ਜਾਵੇਗਾ ਤਾਂ ਬੜੀ ਘਾਟੇ ਵਾਲੀ ਗੱਲ ਹੋਵੇਗੀ। ਸੋਚ ਵਿਚਾਰ ਮਗਰੋਂ ਮੁਨਾਫੇ ਦੀ ਹਵਸ ਨੇ ਇਸ ਨੂੰ ਰੋਜ਼ਾਨਾ ਜੀਵਨ ਦੀ ਲੋੜ ਬਣਾਉਣ ਦੀ ਖਤਰਨਾਕ ਖੇਡ ਖੇਡਣੀ ਸ਼ੁਰੂ ਕੀਤੀ। ਇਨ੍ਹਾਂ ਫੈਕਟਰੀਆਂ ਵਿਚ ਬਣਦੇ ਰਸਾਇਣਾਂ ਦੀ ਵਰਤੋਂ ਖੇਤਾਂ ਵਿਚਲੇ ਕੀਟ ਪਤੰਗੇ ਕੀੜੇ ਮਕੌੜਿਆਂ ਨੂੰ ਮਾਰਨ ਲਈ ਕੀਤੀ ਜਾਣ ਲੱਗੀ। ਕੁਝ ਹੀ ਸਾਲਾਂ ਵਿਚ ਇਹ ਪਹਿਲਾਂ ਨਾਲੋਂ ਹਜ਼ਾਰ ਗੁਣਾਂ ਵਧ ਇਕ ਵੱਡੀ ਸਨਅਤ ਬਣ ਗਈ। ਪੂਰੀ ਦੁਨੀਆਂ ਵਿਚ ਇਸ ਦਾ ਵੱਡੀ ਪੱਧਰ 'ਤੇ ਪ੍ਰਚਾਰ ਕੀਤਾ ਗਿਆ। ਪ੍ਰਚਾਰ ਇਹ ਵੀ ਕੀਤਾ ਗਿਆ ਕਿ ਇਨ੍ਹਾਂ ਰਸਾਇਣਕ ਸਪਰੇਆਂ ਨਾਲ ਫਸਲਾਂ ਦੀ ਪੈਦਾਵਾਰ ਵਧ ਰਹੀ ਹੈ। ਪ੍ਰਚਾਰ ਇਹ ਵੀ ਕੀਤਾ ਗਿਆ ਕਿ ਇਸ ਦਾ ਤੁਰੰਤ ਫਾਇਦਾ ਮਿਲ ਰਿਹਾ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਅਨਾਜ ਪੈਦਾ ਕਰਨ ਵਾਲੀ ਜੋ ਮਿੱਟੀ ਸੀ ਉਹ ਜ਼ਹਿਰੀਲੀ ਹੋ ਗਈ। ਸਾਡੀ ਭੋਜਨ ਲੜੀ ਪੂਰੀ ਤਰ੍ਹਾਂ ਗੜਬੜਾ ਗਈ। ਪੈਦਾਵਾਰ ਕੁਝ ਹੱਦ ਤੱਕ ਵੱਧ ਵੀ ਗਈ। ਪਰ ਭੋਜਨ ਲੜੀ ਵਿਚ ਜ਼ਹਿਰਾਂ ਦਾ ਪ੍ਰਵੇਸ਼ ਹੋ ਗਿਆ। ਰਿਚਲ ਨੇ ਆਪਣੀ ਕਿਤਾਬ ਵਿਚ ਪੂਰੀ ਦੁਨੀਆਂ ਨੂੰ ਦੱਸਿਆ ਕਿ ਰਸਾਇਣਕ ਜ਼ਹਿਰਾਂ ਦੀ ਪੈਦਾਵਾਰ ਕਰਕੇ ਅਸੀਂ ਸਾਰੇ ਇਕ ਧੀਮੀ ਮੌਤ ਵੱਲ ਵਧ ਰਹੇ ਹਾਂ। ਇਹ ਧਰਤੀ ਦੇ ਜੀਵਨ ਲਈ ਖਤਰਨਾਕ ਹੈ। ਇਹ ਕਿਤਾਬ ਜੋ ਅੱਜ ਦੇ ਸਮੇਂ ਵਿਚ ਪਹਿਲਾਂ ਨਾਲੋਂ ਵਧੇਰੇ ਸਾਰਥਕ ਹੈ, ਦੇ ਛਪਣ ਮਗਰੋਂ, ਰਿਚਲ ਨੂੰ ਰਸਾਇਣਕ ਸਨਅਤ ਵਲੋਂ ਮੌਤ ਦੀਆਂ ਧਮਕੀਆਂ ਮਿਲਣ ਲੱਗੀਆਂ। ਉਹਨੂੰ ਇਹ ਵੀ ਕਿਹਾ ਗਿਆ ਕਿ ਉਹ ਇਕ ਪਾਗਲ ਔਰਤ ਹੈ। ਉਸ ਸਮੇਂ ਦੇ ਰਾਸ਼ਟਰਪਤੀ ਜੌਹਨ ਕੈਨੇਡੀ ਨੇ ਖੁਦ ਉਹ ਕਿਤਾਬ ਪੜ੍ਹੀ। ਇਸ ਕਿਤਾਬ ਨੇ ਕਰੋੜਾਂ ਲੋਕਾਂ ਦੀ ਸੋਚ ਬਦਲੀ। ਅਮਰੀਕਾ ਅਤੇ ਯੂਰਪ ਵਿਚ ਇਸ ਸਮੇਂ ਜੋ ਵਾਤਾਵਰਨ ਚਿੰਤਨ ਸ਼ੁਰੂ ਹੋਇਆ ਉਸਦਾ ਸਰੋਤ ਰਿਚਲ ਕਾਰਸਨ ਦੀ ਇਹੋ ਕਿਤਾਬ ਹੈ। ਪ੍ਰਦੂਸ਼ਣ ਦੇ ਮਾਰੂ ਪ੍ਰਭਾਵ ਹੌਲੀ ਹੌਲੀ ਜਨ ਜੀਵਨ 'ਤੇ ਅਸਰ ਕਰਦੇ ਹਨ ਅਤੇ ਇਹ ਇੱਕ ਖਿੱਤੇ ਤੋਂ ਹੋਰ ਅਗਾਂਹ ਫੈਲਣ ਲਗਦੇ ਹਨ।

ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਦਾ ਨਤੀਜਾ ਇਹ ਹੈ ਕਿ ਇਹ ਹੁਣ ਸਾਡੀ ਭੋਜਨ ਲੜੀ, ਮਨੁੱਖ ਅਤੇ ਹੋਰ ਜੀਵ ਜੰਤੂਆਂ, ਜਲਜੀਵਾਂ ਇੱਥੋਂ ਤੱਕ ਕਿ ਮਾਂ ਦੇ ਦੁੱਧ ਵਿਚ ਵੀ ਸ਼ਾਮਿਲ ਹੋ ਚੁੱਕੇ ਹਨ। ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਬੱਚਿਆਂ ਦੇ ਦਿਮਾਗ ਅਤੇ ਸਰੀਰ 'ਤੇ ਵੱਖਰੀ ਵੱਖਰੀ ਤਰ੍ਹਾਂ ਦੇ ਪ੍ਰਭਾਵ ਪਾ ਰਹੀ ਹੈ, ਅੱਜ ਦੇ ਦੌਰ ਵਿਚ ਫਲ ਸਬਜ਼ੀਆਂ ਅਨਾਜ ਜੋ ਵੀ ਅਸੀਂ ਖਾ ਰਹੇ ਹਾਂ ਉਸ ਵਿਚ ਕੀਟਨਾਸ਼ਕਾਂ ਦੇ ਕੁਝ ਨਾ ਕੁਝ ਅੰਸ਼ ਜ਼ਰੂਰ ਹੁੰਦੇ ਹਨ। ਇਹ ਕੀਟਨਾਸ਼ਕ ਹੌਲੀ ਹੌਲੀ ਸਾਡੇ ਸਰੀਰ ਵਿਚ ਜਮ੍ਹਾਂ ਹੁੰਦੇ ਹਨ ਅਤੇ ਮਗਰੋਂ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਪੈਦਾ ਕਰਦੇ ਹਨ। ਕੀਟਨਾਸ਼ਕਾਂ ਨੂੰ ਛੂਹਣ, ਸੁੰਘਣ ਨਾਲ ਵੀ ਸਾਡੇ (ਸੈਂਟਰਲ ਨਰਵਸ ਸਿਸਟਮ) ਸਰੀਰ ਦੀ ਕੇਂਦਰੀ ਤੰਤਰ ਪ੍ਰਣਾਲੀ 'ਤੇ ਬੁਰੇ ਪ੍ਰਭਾਵ ਪੈਂਦੇ ਹਨ। ਇਸ ਨਾਲ ਸਰੀਰ ਦੇ ਮਹੱਤਵ ਪੂਰਨ ਅੰਗ ਜਿਵੇਂ ਫੇਫੜੇ, ਗੁਰਦੇ, ਦਿਲ, ਲਿਵਰ, ਸਬੰਧੀ ਬਿਮਾਰੀਆਂ ਪੈਦਾ ਹੋਣ ਲਗਦੀਆਂ ਹਨ। ਇਸ ਨਾਲ ਕਈ ਤਰ੍ਹਾਂ ਦੇ ਕੈਂਸਰ ਵੀ ਪੈਦਾ ਹੋਣ ਲਗਦੇ ਹਨ। ਇੱਥੋਂ ਤੱਕ ਛੋਟੇ ਬੱਚਿਆਂ ਨੂੰ ਕੈਂਸਰ ਅਤੇ ਚਮੜੀਆਂ ਸਬੰਧੀ ਬਿਮਾਰੀਆਂ ਪੈਦਾ ਹੋਣ ਲਗਦੀਆਂ ਹਨ। ਪਿਛਲੇ ਕੁਝ ਦਹਾਕਿਆਂ ਤੋਂ ਕੀਟਨਾਸ਼ਕਾਂ ਦੀ ਵਰਤੋਂ ਕਈ ਗੁਣਾਂ ਵਧ ਗਈ ਹੈ। ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਨੇ ਧਰਤੀ ਦੇ ਨਾਜ਼ੁਕ ਤਾਣੇ ਬਾਣੇ ਨੂੰ ਤਹਿਸ ਨਹਿਸ ਕਰਕੇ ਰੱਖ ਦਿੱਤਾ ਹੈ। ਇਸ ਨਾਲ ਕੀਟ ਪਤੰਗੇ ਫਸਲਾਂ ਲਈ ਸਹਿਯੋਗ ਕਰਨ ਵਾਲੇ ਛੋਟੇ ਜੀਵ ਜੰਤੂ ਵੀ ਹਾਨੀਕਾਰਕ ਪਤੰਗਿਆਂ ਤੋਂ ਇਲਾਵਾ ਫਸਲਾਂ ਲਈ ਪ੍ਰਭਾਵਿਤ ਹੋਏ ਹਨ। ਪਸ਼ੂ ਪੰਛੀ ਅਤੇ ਜਲ ਜੀਵ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਇਕ ਬਰੀਕ ਗੱਲ ਜਿਸ ਨੂੰ ਸਮਝਿਆ ਨਹੀਂ ਜਾ ਰਿਹਾ ਉਹ ਇਹ ਹੈ ਕਿ ਪਰਾਗਣ ਕਰਨ ਵਾਲੇ ਜੀਵ ਜਿਵੇਂ ਮਧੂਮੱਖੀਆਂ ਤਿਤਲੀਆਂ ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਨਾਲ ਵੱਡੀ ਗਿਣਤੀ ਵਿਚ ਮਰ ਜਾਂਦੇ ਹਨ। ਇਸ ਨਾਲ ਫਸਲਾਂ ਦੇ ਉਤਪਾਦਨ 'ਤੇ ਉਲਟਾ ਪ੍ਰਭਾਵ ਵੀ ਪੈਂਦਾ ਹੈ। ਦੂਜੀ ਸਮਝਣ ਵਾਲੀ ਗੱਲ ਇਹ ਹੈ ਕਿ ਖਤਰਨਾਕ ਕੀਟਨਾਸ਼ਕਾਂ ਦੇ ਛਿੜਕਾਅ ਦੇ ਬਾਵਜੂਦ ਵੀ ਕੁਝ ਕੀਟ ਪਤੰਗੇ ਕੁਝ ਵਿਸ਼ੇਸ਼ ਕਾਰਨਾਂ ਕਰਕੇ ਬਚੇ ਰਹਿ ਜਾਂਦੇ ਹਨ ਅਤੇ ਇਹ ਆਪਣੀ ਅਗਲੀ ਨਸਲ ਵਿਚ ਪ੍ਰਤੀਰੋਧਕ ਸ਼ਕਤੀ ਪੈਦਾ ਕਰ ਲੈਂਦੇ ਹਨ ਅਤੇ ਇਨ੍ਹਾਂ 'ਤੇ ਕੀਟਨਾਸ਼ਕ ਬੇਅਸਰ ਹੋਣ ਲੱਗਦੇ ਹਨ। ਕੀਟਨਾਸ਼ਕਾਂ ਦੇ ਹਵਾ ਵਿਚ ਮਿਲਦੇ ਅੰਸ਼ ਧਰਤੀ ਉਪਰਲੇ ਜੀਵਨ ਨੂੰ ਧੀਮੀ ਮੌਤ ਬਣ ਕੇ ਬੜੀ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੇ ਹਨ। ਮਿੱਟੀ ਵਿਚ ਪਏ ਇਨ੍ਹਾਂ ਦੇ ਅੰਸ਼ ਧਰਤੀ ਹੇਠਲੇ ਪਾਣੀ ਦੇ ਨਾਲ ਬਾਰਸ਼ਾਂ ਦੇ ਪਾਣੀ ਨਾਲ ਨਦੀਆਂ ਨਾਲਿਆਂ ਵਿਚ ਜਾ ਮਿਲਦੇ ਹਨ ਅਤੇ ਦਰਿਆਈ ਤੇ ਸਮੁੰਦਰੀ ਪਾਣੀਆਂ ਨੂੰ ਪ੍ਰਭਾਵਿਤ ਕਰ ਰਹੇ ਹਨ। ਪਾਣੀ ਦੇ ਪਲੀਤ ਹੋਣ ਨਾਲ ਮਨੁੱਖ ਸਮੇਤ ਦੂਜੇ ਜੀਅ ਜੰਤ ਇਸ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ।

ਸੰਨ 2011 ਤੱਕ ਕੇਰਲਾ ਪ੍ਰਦੇਸ਼ ਦੇ ਕਾਸਰਗੋੜ ਨਾਮੀ ਜ਼ਿਲ੍ਹੇ ਵਿਚ ਕਾਜੂਆਂ ਦੇ ਬਾਗਾਂ 'ਤੇ ਇੰਡੋਸਲਫਾਨ ਨਾਮਕ ਦਵਾਈ ਦਾ ਛਿੜਕਾਅ ਵੱਡੀ ਮਾਤਰਾ ਵਿਚ ਹੁੰਦਾ ਸੀ। ਇਸ ਦਾ ਨਤੀਜਾ ਇੱਥੇ ਪੂਰੇ ਇਲਾਕੇ ਵਿਚ ਛੋਟੇ ਬੱਚਿਆਂ ਨੂੰ ਅਜੀਬੋ-ਗਰੀਬ ਬਿਮਾਰੀਆਂ ਹੋਣ ਲੱਗੀਆਂ। ਬੱਚੇ ਵਿਕਲਾਂਗ ਪੈਦਾ ਹੋਣ ਲੱਗੇ ਸਨ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਇੱਥੇ ਜ਼ਹਿਰੀਲੇ ਵਾਤਾਵਰਨ ਕਾਰਨ ਕਿੰਨੇ ਹੀ ਅਜਿਹੇ ਪੰਛੀ ਸਨ, ਜਿਨ੍ਹਾਂ ਤੋਂ ਪੰਜਾਬ ਦੀ ਧਰਤੀ ਅੱਜ ਵਿਰਵੀ ਹੋ ਗਈ ਹੈ। ਇੱਥੇ ਪਹਾੜੀ ਕਾਂ, ਬਾਜ, ਸ਼ਿਕਰੇ, ਇੱਲਾਂ, ਗਿਰਝਾਂ, ਉੱਲੂ, ਕਿੱਲੀ ਠੋਕੇ, ਗਟਾਰਾਂ, ਬਿਜੜੇ, ਹਰਿਅਲ ਆਦਿ ਹੋਰ ਕਿੰਨੇ ਹੀ ਪੰਛੀ ਸਨ ਜੋ ਨਹੀਂ ਦਿਸਦੇ ਜੇਕਰ ਦਿਸਦੇ ਵੀ ਹਨ ਤਾਂ ਵਿਰਲੇ ਟਾਵੇਂ ਨਜ਼ਰੀ ਪੈਂਦੇ ਹਨ। ਅਖੌਤੀ ਵਿਕਾਸ ਅਤੇ ਸਾਡੀਆਂ ਸਿਆਣਪਾਂ ਨੇ ਕਈ ਪਰਿੰਦਿਆਂ ਦਾ ਨਸਲਘਾਤ ਕਰ ਦਿੱਤਾ ਹੈ। ਸਾਡੀ ਵਿਰਾਸਤ ਤੇ ਫਲਸਫਾ ਸਾਨੂੰ ਸਰਬੱਤ ਦਾ ਭਲਾ ਮੰਗਣ ਦੀ ਤਾਗੀਦ ਕਰਦਾ ਹੈ। ਕੁਦਰਤ ਦਾ ਸਤਿਕਾਰ ਕਰਨਾ ਇਸ ਦੇ ਸਰੋਤਾਂ ਨੂੰ ਸੰਭਾਲਣਾ ਸਾਡੀ ਸੰਸਕ੍ਰਿਤੀ ਵਿਚ ਹੀ ਨਹੀਂ ਬਲਕਿ ਸਾਡੇ ਸੰਵਿਧਾਨ ਦੀ ਵੀ ਮੁੱਖ ਤਰਜੀਹ ਹੈ।





ਜ਼ਹਿਰਾਂ ਦਾ ਪ੍ਰਕੋਪ ਹੁਣ ਹਵਾ ਜਾਂ ਕੁਝ ਖਾਸ ਇਲਾਕਿਆਂ ਤੱਕ ਹੀ ਨਹੀਂ ਬਲਕਿ ਇਹ ਫੈਕਟਰੀਆਂ ਤੋਂ ਸ਼ੁਰੂ ਹੋ ਸਾਡੀਆਂ ਖਾਣੇ ਦੀਆਂ ਪਲੇਟਾਂ ਤੱਕ ਹੈ। ਸਮੇਂ ਦੀ ਮੰਗ ਹੈ ਕਿ ਅਸੀਂ ਜ਼ਹਿਰਾਂ ਤੋਂ ਮੁਕਤ ਖੇਤੀ ਕਰੀਏ। ਸਾਡੀਆਂ ਸਰਕਾਰਾਂ ਨੂੰ ਇਸ ਲਈ ਵੱਡੇ ਉਪਰਾਲੇ ਕਰਨੇ ਹੋਣਗੇ। ਆਮ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਚੌਗਿਰਦੇ ਨੂੰ ਸ਼ੁੱਧ ਰੱਖਣ ਲਈ ਵਾਤਾਵਰਨ ਨੂੰ ਪਲੀਤ ਕਰਨ ਤੋਂ ਗੁਰੇਜ਼ ਕਰੀਏ। ਅੱਜ ਲੋੜ ਹੈ ਅਸੀਂ ਖੇਤਾਂ ਦੇ ਬੰਨਿਆਂ ਤੇ ਰੁੱਖ ਲਾਈਏ, ਇਹ ਰੁੱਖ ਵੱਡੇ ਹੋਣਗੇ ਤੇ ਪੰਛੀਆਂ ਨੂੰ ਬੁਲਾਵੇ ਦੇਣਗੇ। ਪੰਛੀ ਤੇ ਰੁੱਖ ਖੇਤੀ ਦੇ ਦੁਸ਼ਮਣ ਨਹੀਂ ਬਲਕਿ ਸਭ ਤੋਂ ਵੱਡੇ ਸਹਾਇਕ ਹਨ। ਪੰਛੀ ਫਸਲਾਂ ਨੂੰ ਪੈਣ ਵਾਲੀ ਸੁੰਡੀਆਂ ਖਾਂਦੇ ਹਨ। ਅੱਜ ਲੋੜ ਹੈ ਅਸੀਂ ਮਾਨਵਤਾ ਦੀ ਭਲਾਈ ਲਈ ਰਸਾਇਣਾਂ ਦੀ ਵਰਤੋਂ 'ਤੇ ਰੋਕ ਲਾਈਏ ਤੇ ਇਸ ਧਰਤੀ ਨੂੰ ਜੀਵ ਜੰਤੂਆਂ ਅਤੇ ਮਨੁੱਖਾਂ ਦੇ ਰਹਿਣ ਲਾਇਕ ਬਣਾਈਏ। ਰਸਾਇਣਾਂ ਅਤੇ ਕੀਟਨਾਸ਼ਕਾਂ ਤੋਂ ਬਗੈਰ ਵੀ ਚੰਗੀ ਨਰੋਈ ਖੇਤੀ ਹੋ ਸਕਦੀ ਹੈ ਜਿਨ੍ਹਾਂ ਨੇ ਯਤਨ ਕੀਤੇ ਹਨ ਉਹ ਇਸ ਵਿਚ ਸਫਲ ਵੀ ਹੋਏ ਹਨ। ਅੱਜ ਸੋਚਣ ਦੀ ਲੋੜ ਹੈ ਕਿ ਪੌਣ-ਪਾਣੀ ਤੇ ਹਵਾ ਨੂੰ ਪਲੀਤ ਕਰਕੇ ਅਸੀਂ ਆਪਣੇ ਪੈਰਾਂ 'ਤੇ ਆਪ ਕੁਹਾੜਾ ਤਾਂ ਨਹੀਂ ਮਾਰ ਰਹੇ?

# ਉਤਪਾਦ ਦਾ ਮੁੱਲ ਵਾਧਾ ਕਰਕੇ ਵਧਾਈਏ ਖੇਤੀ ਆਮਦਨ

ਗੁਰਪ੍ਰੀਤ ਕੌਰ ਅਤੇ ਰਾਜ ਕੁਮਾਰ, ਇਕੋਨੋਮਿਕਸ ਐਂਡ ਸੋਸ਼ਿਆਲੋਜੀ ਵਿਭਾਗ, ਪੀ ਏ ਯੂ, ਲੁਧਿਆਣਾ (ਮੋਬਾਇਲ 81460-96600)

ਉਤਪਾਦ ਦੇ ਮੁੱਲ ਵਧੇ ਦਾ ਭਾਵ ਹੈ ਕਿ ਖਪਤਕਾਰਾਂ ਦੀ ਮੰਗ ਅਨੁਸਾਰ ਆਪਣੀ ਉਪਜ ਦੇ ਢੁਕਵੇਂ ਪਦਾਰਥ ਤਿਆਰ ਕਰਕੇ ਵੇਚਣਾ । ਜ਼ਿਆਦਾਤਰ ਖੇਤੀ ਉਪਜ ਸਰਕਾਰ ਜਾਂ ਵਪਾਰੀਆਂ ਰਾਹੀਂ ਖਰੀਦੀ ਜਾਂਦੀ ਹੈ, ਜਿਸ ਤੋਂ ਵੱਖ-ਵੱਖਰੇ ਉਤਪਾਦ ਤਿਆਰ ਕਰਕੇ ਵੱਡੇ ਵਪਾਰੀ ਵਿਚੋਲਿਆਂ ਜਿਵੇਂ ਕਿ ਆੜ੍ਹਤੀਏ, ਥੋਕ ਵਿਕਰੇਤਾ, ਡੀਲਰ, ਪ੍ਰਚੂਨ ਦੁਕਾਨਦਾਰ ਆਦਿ ਰਾਹੀਂ ਖਪਤਕਾਰਾਂ ਨੂੰ ਬਹੁਤ ਮਹਿੰਗੇ ਭਾਅ 'ਤੇ ਮੁਹੱਈਆ ਕਰਦੇ ਹਨ । ਖਪਤਕਾਰ ਵਲੋਂ ਅਦਾ ਕੀਤੀ ਗਈ ਰਾਸ਼ੀ ਵਿਚ ਕਿਸਾਨ ਦਾ ਹਿੱਸਾ ਬਹੁਤ ਘੱਟ ਰਹਿ ਜਾਂਦਾ ਹੈ, ਜਿਸ ਕਰਕੇ ਉਤਪਾਦਕ ਅਤੇ ਉਪਭੋਗਤਾ ਦੋਵੇਂ ਹੀ ਨੁਕਸਾਨ ਵਿਚ ਰਹਿੰਦੇ ਹਨ । ਫਸਲੀ ਉਤਪਾਦ ਨੂੰ ਸਿੱਧਾ ਵੇਚਣ ਦੀ ਬਜਾਏ ਇਸ ਦਾ ਮੁੱਲ ਵਾਧਾ ਅਤੇ ਡੱਬਾਬੰਦੀ ਕਰਕੇ ਵੇਚਣਾ ਕਾਫੀ ਲਾਹੇਵੰਦ ਸਾਬਿਤ ਹੋ ਸਕਦਾ ਹੈ । ਇਕ ਅਧਿਐਨ ਅਨੁਸਾਰ ਸਬਜ਼ੀਆਂ ਵਿਚ 4.87-11.61 ਪ੍ਰਤੀਸ਼ਤ, ਫਲਾਂ 'ਚ 6-15 ਪ੍ਰਤੀਸ਼ਤ, ਅਨਾਜ ਵਿਚ 3.0-5.9 ਪ੍ਰਤੀਸ਼ਤ, ਦਾਲਾਂ ਵਿਚ 5.6-6.7 ਪ੍ਰਤੀਸ਼ਤ ਅਤੇ ਤੇਲ ਬੀਜਾਂ ਵਿਚ 2.9-7.5 ਪ੍ਰਤੀਸ਼ਤ ਤੱਕ ਦਾ ਉਤਪਾਦ ਫਸਲ ਦੀ ਵਾਢੀ ਤੋਂ ਬਾਅਦ ਸਾਂਭ-ਸੰਭਾਲ ਦੌਰਾਨ ਖਰਾਬ ਹੋ ਜਾਂਦਾ ਹੈ । ਇਸ ਲਈ ਪੇਂਡੂ ਸਨਅਤਕਾਰੀ ਲਈ ਐਗਰੋ ਪ੍ਰੋਸੈਸਿੰਗ ਕੰਪਲੈਕਸ ਅਪਨਾ ਕੇ ਇਸ ਨੁਕਸਾਨ ਨੂੰ ਘਟਾਉਣ ਦੇ ਨਾਲ-ਨਾਲ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾ ਕੇ ਆਮਦਨ ਵਧਾਈ ਜਾ ਸਕਦੀ ਹੈ । ਉਤਪਾਦ ਵਿਚ ਮੁੱਲ ਵਧੇ ਦਾ ਕੰਮ ਸਭ ਤੋਂ ਪਹਿਲਾਂ ਘਰੇਲੂ ਪੱਧਰ 'ਤੇ ਸ਼ੁਰੂ ਕਰਨਾ ਚਾਹੀਦਾ ਹੈ ? ਸ਼ੁਰੂ ਵਿਚ ਖੇਤੀ ਉਤਪਾਦ ਨੂੰ ਪੂਰੀ ਤਰ੍ਹਾਂ ਸਾਫ ਅਤੇ ਪੈਕ ਕਰਕੇ ਖਪਤਕਾਰਾਂ ਨੂੰ ਸਿੱਧਾ ਵੇਚਣ ਨਾਲ 15-20 ਪ੍ਰਤੀਸ਼ਤ ਵਧੇਰੇ ਕਮਾਈ ਹੋ ਸਕਦੀ ਹੈ, ਜਿਵੇਂ ਕਿ ਮੂੰਗੀ, ਮਾਂਹ, ਮਸਰ ਤੇ ਛੋਲਿਆਂ ਆਦਿ ਦੀ ਸਾਫ-ਸਫਾਈ ਅਤੇ ਪੈਕਿੰਗ ਕਰਨਾ ।



ਅੱਜਕੱਲ੍ਹ ਖਪਤਕਾਰ ਚੰਗੀ ਗੁਣਵੱਤਾ ਵਾਲੇ ਉਤਪਾਦ ਦੀ ਢੁਕਵੀਂ ਕੀਮਤ ਦੇਣ ਲਈ ਤਿਆਰ ਹੈ । ਇਸ ਲਈ ਖਾਸ ਗੁਣਾਂ ਨਾਲ ਭਰਪੂਰ ਕਈ ਫਸਲਾਂ ਤੋਂ ਵਧੀਆ ਕਮਾਈ ਹੋ ਸਕਦੀ ਹੈ, ਜਿਵੇਂ ਕਿ ਕਨੋਲਾ ਸਰ੍ਹੋਂ ਦੀ ਕਿਸਮ ਜੀ. ਐਸ. ਸੀ.- 7 ਦਾ ਤੇਲ ਆਮ ਸਰ੍ਹੋਂ ਦੇ ਤੇਲ ਨਾਲੋਂ ਦੁੱਗਣੀ ਕੀਮਤ 'ਤੇ ਵੇਚਿਆ ਜਾ ਸਕਦਾ ਹੈ । ਕਣਕ ਤੋਂ ਆਟਾ, ਛੋਲਿਆਂ ਤੋਂ ਵੇਸਣ, ਮੂੰਗੀ ਦੀ ਨਮਕੀਨ ਦਾਲ, ਸੋਇਆਬੀਨ ਦਾ ਦੁੱਧ/ਪਨੀਰ, ਗੰਨੇ ਤੋਂ ਗੁੜ/ਸ਼ੱਕਰ/ਗੱਚਕ ਬਣਾ ਕੇ ਵੇਚਣ ਨਾਲ ਜ਼ਿਆਦਾ ਮੁਨਾਫਾ ਹੋ ਸਕਦਾ ਹੈ । ਇਸੇ ਤਰ੍ਹਾਂ ਹਲਦੀ ਦੀਆਂ ਗੰਢੀਆਂ ਵੇਚਣ ਦੀ ਬਜਾਏ ਇਸ ਦਾ ਪਾਊਡਰ 150-200 ਰੁਪਏ ਪ੍ਰਤੀ ਕਿਲੋ ਤੱਕ ਵਿਕ ਸਕਦਾ ਹੈ । ਹਲਦੀ ਦੀ ਪ੍ਰੋਸੈਸਿੰਗ ਲਈ ਹਲਦੀ ਧੋਣ ਅਤੇ ਪਾਲਿਸ਼ ਕਰਨ ਦੀ ਮਸ਼ੀਨ ਦੀ ਕੀਮਤ ਤਕਰੀਬਨ ਇਕ ਲੱਖ ਰੁਪਏ ਹੈ, ਜੋ ਕਿ ਇਕ ਹਾਰਸ ਪਾਵਰ ਦੀ ਮੋਟਰ ਨਾਲ ਚਲਦੀ ਹੈ । ਹਲਦੀ ਉਬਾਲਣ ਵਾਲੀ ਮਸ਼ੀਨ ਦੀ ਕੀਮਤ ਤਕਰੀਬਨ ਤਿੰਨ ਲੱਖ ਰੁਪਏ ਹੈ, ਜਿਸ ਦੀ ਸਮਰੱਥਾ 10-12 ਕੁਇੰਟਲ ਪ੍ਰਤੀ ਘੰਟਾ ਹੈ ਅਤੇ ਇਹ ਫਸਲੀ ਰਹਿੰਦ-ਖੂੰਹਦ ਨਾਲ ਚੱਲ ਸਕਦੀ ਹੈ । ਇਹ ਮਸ਼ੀਨ ਕਿਰਾਏ 'ਤੇ ਵੀ ਲਈ ਜਾ ਸਕਦੀ ਹੈ । ਹਲਦੀ ਸੁਕਾਉਣ ਲਈ ਸੋਲਰ ਡਰਾਇਰ ਅਤੇ ਹਲਦੀ ਪੀਸਣ ਵਾਲੀਆਂ ਮਸ਼ੀਨਾਂ ਵੀ ਉਪਲਬਧ ਹਨ । ਇਸੇ ਤਰ੍ਹਾਂ ਟਮਾਟਰ ਦੀ ਚਟਨੀ ਜਾਂ ਪਿਊਰੀ ਬਣਾ ਕੇ, ਹਰੇ ਮਟਰਾਂ ਨੂੰ ਬਹੁਤਾਤ ਦੇ ਸਮੇਂ ਘੱਟ ਤਾਪਮਾਨ 'ਤੇ ਸਟੋਰ ਕਰਕੇ ਬਾਅਦ ਵਿਚ ਵੱਧ ਭਾਅ 'ਤੇ ਵੇਚ ਕੇ ਅਤੇ ਖੁੰਬਾਂ ਦਾ ਅਚਾਰ ਜਾਂ ਪਾਊਡਰ ਬਣਾ ਕੇ ਵੀ ਕਾਫੀ ਮੁਨਾਫਾ ਕਮਾਇਆ ਜਾ ਸਕਦਾ ਹੈ । ਸ਼ਹਿਦ ਨੂੰ ਟੀਨਾਂ 'ਚ ਭਰ ਕੇ ਥੋਕ ਵਿਚ ਵੇਚਣ ਦੀ ਬਜਾਏ ਇਸ ਦੀ ਪੈਕਿੰਗ ਬੋਤਲਾਂ 'ਚ ਕਰਨਾ ਵੱਧ ਲਾਹੇਵੰਦ ਹੋ ਸਕਦਾ ਹੈ । ਇਸ ਦੀ ਸਿਖਲਾਈ ਕ੍ਰਿਸ਼ੀ ਵਿਗਿਆਨ ਕੇਂਦਰਾਂ ਜਾਂ ਪੀ.ਏ.ਯੂ., ਲੁਧਿਆਣਾ ਦੇ ਪ੍ਰੋਸੈਸਿੰਗ ਐਂਡ ਫੂਡ ਇੰਜੀਨੀਅਰਿੰਗ ਵਿਭਾਗ ਤੋਂ ਲਈ ਜਾ ਸਕਦੀ ਹੈ ।

ਕੋਈ ਵੀ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਆਪਣੀ ਸੁਵਿਧਾ ਅਤੇ ਆਪਣੇ ਇਲਾਕੇ ਵਿਚ ਹੋਣ ਵਾਲੀਆਂ ਫਸਲਾਂ ਅਨੁਸਾਰ ਮਸ਼ੀਨਰੀ ਦੀ ਚੋਣ ਕਰਕੇ ਐਗਰੋ ਪ੍ਰੋਸੈਸਿੰਗ ਕੰਪਲੈਕਸ ਸਥਾਪਿਤ ਕਰ ਸਕਦਾ ਹੈ । ਸਰਕਾਰੀ ਵਿੱਤੀ ਏਜੰਸੀਆਂ, ਬੈਂਕਾਂ, ਖਾਦੀ ਕਾਰੋਬਾਰ ਲਈ ਕਿਸਾਨਾਂ ਨੂੰ 25% ਅਤੇ ਕਿਸਾਨ ਬੀਬੀਆਂ ਨੂੰ 30% ਸਬਸਿਡੀ ਵੀ ਦਿੰਦੇ ਹਨ । ਸਰਹੱਦੀ ਜਾਂ ਪੱਛੜੇ ਇਲਾਕਿਆਂ 'ਚ ਹੋਰ ਕਈ ਸਹੂਲਤਾਂ ਜਿਵੇਂ ਕਿ ਬਿਜਲੀ ਦਾ ਪਹਿਲ ਦੇ ਆਧਾਰ 'ਤੇ ਕੁਨੈਕਸ਼ਨ, ਟੈਕਸਾਂ 'ਚ ਛੋਟ ਅਤੇ ਕਰਜ਼ੇ ਉੱਪਰ ਵਿਆਜ ਦਰਾਂ ਵਿਚ ਕਮੀ ਆਦਿ ਵੀ ਦਿੱਤੀਆਂ ਜਾਂਦੀਆਂ ਹਨ । ਘਰੇਲੂ ਪੱਧਰ 'ਤੇ ਇਕ ਆਟਾ ਚੱਕੀ, ਆਇਲ ਐਕਸਪੈਲਰ ਤੇ ਗਰਾਈਂਡਰ ਆਦਿ ਮਸ਼ੀਨਾਂ ਲਗਾ ਕੇ ਕੇਵਲ ਇਕ ਸਹਾਇਕ ਵਿਅਕਤੀ ਦੀ ਮਦਦ ਨਾਲ ਵਧੀਆ ਕੰਮ ਚਲਾਇਆ ਜਾ ਸਕਦਾ ਹੈ, ਜਿਸ ਤੋਂ 30-40 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਨਿਰੋਲ ਆਮਦਨ ਹੋ ਸਕਦੀ ਹੈ । ਪੂਰੇ ਐਗਰੋ ਪ੍ਰੋਸੈਸਿੰਗ ਕੰਪਲੈਕਸ ਵਿਚੋਂ 50,000 ਤੋਂ 1,25,000 ਪ੍ਰਤੀ ਮਹੀਨਾ ਤੱਕ ਮੁਨਾਫਾ ਹੋ ਸਕਦਾ ਹੈ । ਐਗਰੋ ਪ੍ਰੋਸੈਸਿੰਗ ਕੰਪਲੈਕਸ ਸਥਾਪਿਤ ਕਰਨ ਲਈ ਮਸ਼ੀਨਰੀ ਦੀ ਕੁੱਲ ਲਾਗਤ ਅੰਦਾਜ਼ਨ 22.50 ਲੱਖ ਰੁਪਏ ਤੱਕ ਆ ਸਕਦੀ ਹੈ ਅਤੇ ਲੋੜੀਂਦੀ ਮਸ਼ੀਨਰੀ ਦੀਆਂ ਅੰਦਾਜ਼ਨ ਲਾਗਤਾਂ ਇਸ ਤਰ੍ਹਾਂ ਹਨ; ਮਿੰਨੀ ਰਾਈਸ ਮਿੱਲ (3.70 ਲੱਖ ਰੁਪਏ), ਬੇਬੀ ਆਇਲ ਐਕਸਪੈਲਰ (5 ਲੱਖ ਰੁਪਏ), ਆਟਾ ਚੱਕੀ ਸਕੋਰਰ ਨਾਲ (7 ਲੱਖ ਰੁਪਏ), ਆਟਾ ਚੱਕੀ ਰਾਜਸਥਾਨੀ (50 ਹਜ਼ਾਰ ਰੁਪਏ), ਗਰਾਈਂਡਰ (70 ਹਜ਼ਾਰ ਰੁਪਏ), ਦਾਲ ਕਲੀਨਰ ਅਤੇ ਗਰੇਡਰ (60 ਹਜ਼ਾਰ ਰੁਪਏ) ਅਤੇ ਪਸ਼ੂ ਫੀਡ ਮਿੱਲ ਗਰਾਈਂਡਰ ਅਤੇ ਮਿਕਸਚਰ ਨਾਲ (3.50 ਲੱਖ ਰੁਪਏ) । ਇਨ੍ਹਾਂ ਮਸ਼ੀਨਾਂ ਦੀ ਕ੍ਰਮਵਾਰ ਸਮਰੱਥਾ 2.5, 1.0, 5.0, 1.5, 0.5, 1.0 ਅਤੇ 9.0 ਕੁਇੰਟਲ ਪ੍ਰਤੀ ਘੰਟਾ ਹੈ । ਇਸ ਪੂਰੇ ਕੰਪਲੈਕਸ ਲਈ ਲਗਭਗ ਵੱਖ-ਵੱਖਰੀ ਸਮਰੱਥਾ ਵਾਲੀਆਂ ਪਾਣੀ ਦੀਆਂ ਚਾਰ ਇਲੈਕਟ੍ਰਿਕ ਮੋਟਰਾਂ ਫਿਟਿੰਗ ਸਮੇਤ (ਤਕਰੀਬਨ 1.50 ਲੱਖ ਰੁਪਏ) ਦੀ ਵੀ ਲੋੜ ਪਵੇਗੀ । ਇਸ ਤੋਂ ਇਲਾਵਾ ਲਗਭਗ 3000 ਵਰਗ ਮੀਟਰ ਦੀ ਜਗ੍ਹਾ ਉੱਪਰ ਸ਼ੈੱਡ ਦੀ ਉਸਾਰੀ ਲਈ 20-25 ਲੱਖ



ਰੁਪਏ ਦੀ ਲਾਗਤ ਵੀ ਆਵੇਗੀ । ਸਾਰੀਆਂ ਮਸ਼ੀਨਾਂ ਇਕੱਲੇ ਖਰੀਦਣ ਦੀ ਬਜਾਏ ਕੁਝ ਵਿਅਕਤੀ ਮਿਲ ਕੇ ਵੀ ਇਹ ਕੰਮ ਸ਼ੁਰੂ ਕਰ ਸਕਦੇ ਹਨ । ਇਸ ਨਾਲ ਜਿੱਥੇ ਕੰਮ ਕਰਨ ਵਾਲੇ ਬੰਦਿਆਂ ਦੀ ਗਿਣਤੀ ਵਧੇਗੀ, ਉੱਥੇ ਹੀ ਖਰਚਾ; ਵੀ ਵੰਡਿਆ ਜਾਵੇਗਾ ਅਤੇ ਮੰਡੀਕਰਨ ਵਿਚ ਆਸਾਨੀ ਹੋਵੇਗੀ । ਆਪਣੇ ਉਤਪਾਦ ਦੀ ਐਗਮਾਰਕ / ਐੱਫ. ਏ. ਐਸ. ਐਸ. ਆਈ. (FASSI) ਤੋਂ ਪ੍ਰਮਾਣੀਕਰਣ ਕਰਵਾ ਕੇ ਖਪਤਕਾਰਾਂ ਵਿਚ ਭਰੋਸਾ ਪੈਦਾ ਕੀਤਾ ਜਾ ਸਕਦਾ ਹੈ । ਆਪਣੀ ਪੈਦਾਵਾਰ ਨੂੰ ਕਿਸਾਨ ਮੇਲਿਆਂ, ਕਿਸਾਨ ਸਿਖਲਾਈ ਕੈਂਪਾਂ ਜਾਂ 'ਆਪਣੀ ਮੰਡੀ' ਵਿੱਚ ਵੀ ਵੇਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਹਰ ਜ਼ਿਲ੍ਹੇ 'ਚ ਖੇਤੀਬਾੜੀ ਮਹਿਕਮੇ ਵਲੋਂ ਕਿਸਾਨਾਂ ਦੀ ਪੈਦਾਵਾਰ ਵੇਚਣ ਲਈ 'ਆਤਮਾ ਹੱਟ' ਵੀ ਬਣਾਏ ਗਏ ਹਨ । ਹੁਣ ਸਮਾਂ ਆ ਗਿਆ ਹੈ ਕਿ ਕਿਸਾਨ ਆਪਣੀ ਫਸਲ ਪੈਦਾ ਕਰਨ ਦੇ ਨਾਲ-ਨਾਲ ਆਪਣੇ ਉਤਪਾਦ 'ਚ ਮੁੱਲ ਵਾਧਾ ਕਰਨ ਦਾ ਹੁਨਰ ਵੀ ਸਿੱਖਣ ।

## ਪੀ.ਏ.ਯੂ. ਦੇ ਸਾਬਕਾ ਪ੍ਰੋਫੈਸਰਾਂ ਅਤੇ ਖੇਤੀ ਵਿਗਿਆਨੀਆਂ ਵੱਲੋਂ ਇਨਸਾਫ ਲੈਣ ਲਈ ਬੋਰਡ ਆਫ ਮੈਨੇਜਮੈਂਟ, ਪੀ.ਏ.ਯੂ. ਦੇ ਨਾਮ ਖੁੱਲੀ ਚਿੱਠੀ

**ਵਿਸ਼ਾ : ਬੋਰਡ-ਆਫ-ਮੈਨੇਜਮੈਂਟ, ਪੀ.ਏ.ਯੂ, ਲੁਧਿਆਣਾ ਦੇ ਸਾਬਕਾ (ਸਾਲ 2016 ਤੋਂ ਪਹਿਲਾਂ ਦੇ ਰੀਟਾਇਰੀ) ਪ੍ਰੋਫੈਸਰ ਅਤੇ ਖੇਤੀ-ਵਿਗਿਆਨੀਆਂ ਨੂੰ ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ. ਜੀ. ਸੀ.) ਦੁਆਰਾ ਘੋਸ਼ਿਤ "ਨਵੇਂ ਰੀਵਾਇਜ਼ਡ ਪੇ-ਸਕੇਲ ਦੀ ਨੋਟੀਫਿਕੇਸ਼ਨ" ਕਰਵਾਉਣ ਦੀ ਬੇਨਤੀ ਅਤੇ ਇਨਸਾਫ ਬਾਰੇ ।**

ਸ਼੍ਰੀਮਾਨ ਜੀ,

1. ਅਸੀਂ ਪੀ. ਏ. ਯੂ., ਲੁਧਿਆਣਾ ਦੇ ਕੋਈ 800 ਤੋਂ 900, ਉਹ ਸਾਬਕਾ ਅਧਿਆਪਕ (ਪ੍ਰੋਫੈਸਰ)/ਖੇਤੀ-ਵਿਗਿਆਨੀ ਹਾਂ, ਜਿਨ੍ਹਾਂ ਨੇ ਪੰਜਾਬ ਵਿੱਚ ਹਰੀ (ਖੇਤੀ) ਕ੍ਰਾਂਤੀ, ਦੁੱਧ ਦੀ ਕ੍ਰਾਂਤੀ ਅਤੇ ਪਾਲਤੂ ਮੱਧੂ-ਮੱਖੀਆਂ ਦੇ ਫਾਰਮੀ-ਸ਼ਹਿਦ ਦਾ ਇੰਨਕਲਾਬ ਲਿਆਉਣ ਦਾ ਨਾਮਣਾ ਹੀ ਨਹੀਂ ਖੱਟਿਆ ਹੈ । ਨਾਲ ਹੀ ਅਸੀਂ ਪੰਜਾਬ ਅਤੇ ਭਾਰਤ ਵਿੱਚ ਖੁਸ਼ਹਾਲੀ ਅਤੇ ਖਾਧ (ਅੰਨ)-ਨਿਰਭਰਤਾ ਲਿਆ ਕੇ ਦੇਸ਼ ਦੀ ਭੁੱਖਮਰੀ ਨੂੰ ਦੂਰ ਕਰਨ ਵਿੱਚ ਵੀ ਮੁੱਖ ਭੂਮਿਕਾ ਨਿਭਾਈ ਹੈ ।
2. ਉੱਚ ਸਿੱਖਿਆ, ਮੰਤਰਾਲਾ ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ. ਜੀ. ਸੀ.) ਅਤੇ ਛੇਵੇਂ ਕੌਮੀ ਪੇ-ਕਮਿਸ਼ਨ ਦੁਆਰਾ, ਯੂਨੀਵਰਸਿਟੀ ਇੰਪਲਾਈਜ਼ ਲਈ "ਰੀਵਾਈਜ਼ਡ ਸਕੇਲ" ਅਤੇ "ਪੈਨਸ਼ਨ ਦੀ ਨੋਟੀਫਿਕੇਸ਼ਨ" ਜਾਰੀ ਕੀਤੀ ਗਈ ਹੈ ।
3. ਜਿਸ ਅਧੀਨ ਆਉਣ ਵਾਲੀਆਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ; ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਇਹ ਨਵੇਂ ਰੀਵਾਇਜ਼ਡ ਪੇ-ਸਕੇਲ, ਸਾਰੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਨੂੰ ਮਿਲਣ ਲੱਗ ਪਏ ਹਨ ।
4. ਪਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.) ਅਤੇ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸ ਯੂਨੀਵਰਸਿਟੀ (ਗਡਵਾਸੂ), ਲੁਧਿਆਣਾ ਦੇ ਅਸੀਂ 800 ਤੋਂ 900 ਸਾਬਕਾ (ਸਾਲ 2016 ਤੋਂ ਪਹਿਲਾਂ ਦੇ ਰੀਟਾਇਰੀ), ਅਧਿਆਪਕ (ਪ੍ਰੋਫੈਸਰ) ਅਤੇ ਖੇਤੀ ਵਿਗਿਆਨੀ ਇਨ੍ਹਾਂ ਰੀਵਾਇਜ਼ਡ ਸਕੇਲ ਅਤੇ ਪੈਨਸ਼ਨ ਤੋਂ ਵਾਂਝੇ ਹਾਂ, ਜੋ ਕਿ ਸਾਡੇ ਨਾਲ ਸਰਾ-ਸਰ "ਇਕ ਬੇ-ਇਨਸਾਫੀ ਹੈ" ।
5. ਸਾਡੇ ਕਈ ਵਫਦ, ਮੁੱਖ ਮੰਤਰੀ ਪੰਜਾਬ, ਵਾਈਸ ਚਾਂਸਲਰ ਪੀ. ਏ. ਯੂ., ਵਾਈਸ ਚਾਂਸਲਰ ਗਡਵਾਸੂ, ਹੋਰ ਉੱਚ-ਅਧਿਕਾਰੀਆਂ ਅਤੇ ਐਮ. ਐਲ. ਏ./ਐਮ. ਪੀ. ਨੂੰ ਵੀ ਮਿਲ ਚੁੱਕੇ ਹਨ, ਪਰ ਸਭ ਨੇ 2016 ਤੋਂ ਪਹਿਲਾਂ ਵਾਲੇ (ਸਾਬਕਾ) ਰੀਟਾਇਰੀ ਅਧਿਆਪਕਾਂ (ਪ੍ਰੋਫੈਸਰ) ਅਤੇ ਖੇਤੀ ਵਿਗਿਆਨੀਆਂ ਨੂੰ ਨਵੇਂ "ਰੀਵਾਈਜ਼ਡ ਸਕੇਲਾਂ ਦੀ ਨੋਟੀਫਿਕੇਸ਼ਨ" ਜਾਰੀ ਕਰਨ ਲਈ ਮਤਰੇਈ-ਮਾਂ ਵਰਗਾ ਵਤੀਰਾ ਬਣਾ ਕੇ ਚੁੱਪੀ ਸਾਧੀ ਹੋਈ ਹੈ ।
6. ਕਿਉਂਕਿ ਬੋਰਡ ਆਫ ਮੈਨੇਜਮੈਂਟ, ਯੂਨੀਵਰਸਿਟੀ ਦੇ ਪ੍ਰਬੰਧਨ ਅਤੇ ਪੋਲਿਸੀ ਮੈਟਰਜ਼ ਬਾਰੇ ਫੈਸਲੇ ਲੈਣ ਵਾਲਾ ਇਕ ਮੁੱਖ (ਏਪੈਕਸ) ਅਦਾਰਾ ਹੁੰਦਾ ਹੈ ਇਸ ਲਈ ਅਸੀਂ ਬੋਰਡ ਆਫ ਮੈਨੇਜਮੈਂਟ ਦੇ ਚੇਅਰਮੈਨਜ਼ ਅਤੇ ਮੈਂਬਰ ਸਾਹਿਬਾਨਾਂ ਦੇ ਮਾਧਿਅਮ ਰਾਹੀਂ ਦੁਬਾਰਾ ਫਿਰ ਮੁੱਖ ਮੰਤਰੀ ਪੰਜਾਬ ਸਰਕਾਰ ਅਤੇ, ਵਾਈਸ ਚਾਂਸਲਰ ਸਾਹਿਬਾਨ ਪੀ. ਏ. ਯੂ./ਗਡਵਾਸੂ ਅਤੇ ਹੋਰ ਉੱਚ-ਅਧਿਕਾਰੀਆਂ ਨੂੰ ਅਪੀਲ ਕਰਦੇ ਹਾਂ ਕਿ ਨਵੇਂ ਅਧਿਆਪਕਾਂ ਅਤੇ ਵਿਗਿਆਨੀਆਂ ਦੀ ਤਰ੍ਹਾਂ ਪੀ. ਏ. ਯੂ. ਅਤੇ ਗਡਵਾਸੂ ਅੰਦਰ ਵੀ, 2016 ਤੋਂ ਪਹਿਲਾਂ ਦੇ ਰੀਟਾਇਰਡ (ਸਾਬਕਾ) ਅਧਿਆਪਕਾਂ (ਪ੍ਰੋਫੈਸਰਾਂ) ਅਤੇ ਖੇਤੀ - ਵਿਗਿਆਨੀਆਂ ਨੂੰ ਵੀ ਜਲਦੀ ਤੋਂ ਜਲਦੀ, "ਯੂ. ਜੀ. ਸੀ. ਅਤੇ ਛੇਵੇਂ ਪੇ-ਕਮਿਸ਼ਨ ਦੀ ਘੋਸ਼ਣਾ" ਅਨੁਸਾਰ, ਨਵੇਂ "ਰੀਵਾਈਜ਼ਡ ਸਕੇਲ ਅਤੇ ਪੈਨਸ਼ਨ ਦੇਣ ਦੀ ਨੋਟੀਫਿਕੇਸ਼ਨ" ਜਾਰੀ ਕਰਵਾਉਣ ਦੇ ਉਪਰਾਲੇ ਕੀਤੇ ਜਾਣ ਜੀ । ਨਾਲ ਹੀ ਇਨ੍ਹਾਂ ਰੀਟਾਇਰੀਜ਼ ਨੂੰ ਗਰਾਂਟ ਕੀਤੀ ਪੇਮੈਂਟ ਅਦਾ ਕਰਨ ਲਈ ਲੋੜੀਂਦੀ ਅਮਾਊਂਟ/ਮੁਦਰਾ ਵੀ ਰੀਲੀਜ਼ ਕਰਵਾਈ ਜਾਵੇ ਜੀ ।

ਤਹਿ ਦਿਲੋਂ ਧੰਨਵਾਦ ਕਰਦੇ ਹੋਏ,

ਸਾਲ 2016 ਤੋਂ ਪਹਿਲਾਂ ਦੇ ਰੀਟਾਇਰਡ (ਸਾਬਕਾ) ਅਧਿਆਪਕ (ਪ੍ਰੋਫੈਸਰ) ਅਤੇ ਖੇਤੀ ਵਿਗਿਆਨੀ, ਪੀ. ਏ. ਯੂ., ਲੁਧਿਆਣਾ-141004

# ਸਬਜ਼ੀਆਂ ਨੂੰ ਸੁਕਾਉਣ ਦੀ ਤਕਨੀਕ ਅਪਣਾਓ



ਸਬਜ਼ੀਆਂ ਨੂੰ ਸੁਰੱਖਿਅਤ ਰੱਖਣ ਲਈ ਡੀਹਾਈਡ੍ਰੇਸ਼ਨ (ਸੁਕਾਉਣਾ) ਸਭ ਤੋਂ ਪੁਰਾਣੀ ਵਿਧੀ ਹੈ । ਸੁੱਕੇ ਭੋਜਨ ਦੀ ਅਜੋਕੇ ਸਮੇਂ ਵਿੱਚ ਲੋੜ ਹੈ ਕਿਉਂਕਿ ਇਨ੍ਹਾਂ ਨੂੰ ਘੱਟੋ ਘੱਟ ਪ੍ਰੋਸੈਸਿੰਗ ਯਤਨਾਂ ਨਾਲ ਤਿਆਰ ਕੀਤਾ ਜਾਂਦਾ ਹੈ ਅਤੇ ਇਸ ਨੂੰ ਤੁਰੰਤ ਭੋਜਨ ਦੇ ਅਧੀਨ ਸ਼੍ਰੇਣੀਬੱਧ ਕੀਤਾ ਜਾਂਦਾ ਹੈ । ਸਬਜ਼ੀਆਂ ਵਿੱਚ ਜ਼ਿਆਦਾ ਨਮੀਂ ਹੋਣ ਦੇ ਕਾਰਨ ਇਹ ਸੂਖਮ-ਜੀਵ ਜੰਤੂਆਂ ਅਤੇ ਕਿਰਿਆਵਾਂ ਵਲੋਂ ਜਲਦੀ ਖਰਾਬ ਹੋ ਸਕਦੇ ਹਨ । ਇਸ ਲਈ ਤਾਜ਼ੀਆਂ ਸਬਜ਼ੀਆਂ ਦੀ ਨਮੀਂ ਵਿੱਚ ਕਟੌਤੀ ਕਰਕੇ ਭੋਜਨ ਨੂੰ ਸੂਖਮ ਜੀਵ ਜੰਤੂਆਂ ਦੇ ਹਮਲੇ ਸਹਿਣਯੋਗ ਬਣਾਇਆ ਜਾ ਸਕਦਾ ਹੈ ਜਿਸ ਨਾਲ ਅਸੀਂ ਉਸ ਨੂੰ ਲੰਬੇ ਸਮੇਂ ਤੱਕ ਆਮ ਤਾਪਮਾਨ ਤੇ ਰੱਖ ਸਕਦੇ ਹਾਂ । ਸਬਜ਼ੀਆਂ ਵਿੱਚੋਂ ਪਾਣੀ ਨੂੰ ਘਟਾਉਣ ਲਈ ਤਾਪ ਦੀ ਵਰਤੋਂ ਕੀਤੀ ਜਾਂਦੀ ਹੈ । ਇਹ ਤਾਪ ਆਮ ਤੌਰ ਤੇ ਸੂਰਜੀ ਊਰਜਾ ਜਾਂ ਬਨਾਵਟੀ ਤੌਰ 'ਤੇ ਤਿਆਰ ਕੀਤੀ ਗਰਮ ਹਵਾ ਦੇ ਰੂਪ ਵਿੱਚ ਡੀਹਾਈਡ੍ਰੇਟਰਾਂ ਦੀ ਵਰਤੋਂ ਨਾਲ ਪ੍ਰਦਾਨ ਕੀਤਾ ਜਾਂਦਾ ਹੈ ।

**ਸਵਾਤੀ ਕਪੂਰ, ਰਮਨਦੀਪ ਕੌਰ ਅਤੇ ਬੀ ਵੀ ਸੀ ਮਹਾਜਨ,**
ਪੰਜਾਬ ਹਾਰਟੀਕਲਚਰਲ ਪੋਸਟਹਾਰਵੈਸਟ ਟੈਕਨੋਲੋਜੀ ਸੈਂਟਰ, ਪੀ. ਏ. ਯੂ., ਲੁਧਿਆਣਾ

**ਸੁਕਾਉਣ ਦੇ ਲਾਭ :**

ਭੋਜਨ ਪਦਾਰਥਾਂ ਨੂੰ ਸੁਕਾਉਣ ਦੇ ਹੇਠ ਦੱਸੇ ਲਾਭ ਹਨ :

★ ਸੁੱਕੀਆਂ ਸਬਜ਼ੀਆਂ ਵਿੱਚ ਪਾਣੀ ਦੀ ਘੱਟ ਕਿਰਿਆ ਜਾਂ ਮਾਤਰਾ, ਜੀਵ ਰਸਾਇਣਕ ਪ੍ਰਤੀਕਿਰਿਆਵਾਂ ਅਤੇ ਸੂਖਮ ਜੀਵ ਦੁਆਰਾ ਹੋਣ ਵਾਲੀ ਖਰਾਬੀ ਨੂੰ ਘਟਾਉਣ ਵਿੱਚ ਸਹਾਇਤਾ ਕਰਦੀ ਹੈ ।

★ ਭੋਜਨ ਸਮੱਗਰੀ ਦੇ ਭਾਰ ਅਤੇ ਆਕਾਰ ਵਿੱਚ ਕਟੌਤੀ ਦੇ ਕਾਰਨ ਆਵਾਜਾਈ ਸਸਤੀ ਅਤੇ ਆਸਾਨ ਹੋ ਜਾਂਦੀ ਹੈ ।

★ ਸਾਧਾਰਨ ਅਤੇ ਸਸਤੀ ਪੈਕਿੰਗ ਨਾਲ ਸੁੱਕੇ ਪਦਾਰਥ ਕਮਰੇ ਦੇ ਤਾਪਮਾਨ ਤੇ ਲੰਬੇ ਸਮੇਂ ਤੱਕ ਰਹਿ ਸਕਦੇ ਹਨ ।

★ ਵਾਧੂ ਭੋਜਨ ਨੂੰ ਬਚਾਅ ਕੇ ਲੰਬੇ ਸਮੇਂ ਲਈ ਰੱਖਣ ਦਾ ਇਹ ਸੌਖਾ ਅਤੇ ਕਿਫਾਇਤੀ ਤਰੀਕਾ ਹੈ ।

★ ਘੱਟ ਚਰਬੀ ਦੇ ਨਾਲ ਫਾਈਬਰ ਅਤੇ ਕਾਰਬੋਹਾਈਡ੍ਰੇਟਸ ਦਾ ਵਧੀਆ ਸਰੋਤ ਹੋਣ ਕਾਰਨ ਇਹ ਇਕ ਸਿਹਤਮੰਦ ਬਦਲ ਹੈ ।

★ **ਸੁਕਾਉਣ ਲਈ ਢੁਕਵੀਆਂ ਸਬਜ਼ੀਆਂ** : ਸਾਰੀਆਂ ਸਬਜ਼ੀਆਂ ਨੂੰ ਸੁਕਾਇਆ ਜਾ ਸਕਦਾ ਹੈ ਪਰ ਮੇਥੀ, ਕਰੇਲਾ, ਪਿਆਜ਼, ਗਾਜਰ, ਮਸ਼ਰੂਮ, ਪੁਦੀਨਾ ਆਦਿ ਨੂੰ ਸੁਕਾਉਣਾ ਲਾਭਕਾਰੀ ਹੈ ਕਿਉਂਕਿ ਇਨ੍ਹਾਂ ਦੀ ਖਪਤਕਾਰਾਂ ਵਿੱਚ ਜ਼ਿਆਦਾ ਮੰਗ ਹੈ ।

1. **ਸਬਜ਼ੀਆਂ ਦੀ ਚੋਣ ਅਤੇ ਮੁੱਢਲੀ ਤਿਆਰੀ** : ਚੁਣੀਆਂ ਹੋਈਆਂ ਸਬਜ਼ੀਆਂ ਸਖਤ ਹੋਣੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਦੀ ਛਾਂਟ ਕਰਦੇ ਸਮੇਂ ਜ਼ਖਮ ਵਾਲੀਆਂ ਅਤੇ ਖਰਾਬ ਸਬਜ਼ੀਆਂ ਬਾਹਰ ਕੱਢ ਦਿੱਤੀਆਂ ਜਾਂਦੀਆਂ ਹਨ । ਛਾਂਟੇ ਹੋਏ ਉਤਪਾਦ ਨੂੰ ਧੋਣ ਤੋਂ ਬਾਅਦ ਤੇਜ਼ ਚਾਕੂ ਜਾਂ ਹੱਥੀਂ ਪੀਲਰਾਂ ਦੀ ਵਰਤੋਂ ਨਾਲ ਵੱਖ-ਵੱਖ ਰੂਪਾਂ ਵਿੱਚ ਕੱਟਿਆ ਜਾਂਦਾ ਹੈ । ਪੱਤੇਦਾਰ ਸਬਜ਼ੀਆਂ ਵਿੱਚ ਕੋਮਲ ਪੱਤਿਆਂ ਨੂੰ ਤੋੜਨਾ ਚਾਹੀਦਾ ਹੈ । ਕੁੱਝ ਸਬਜ਼ੀਆਂ ਦੀ ਖਾਸ ਦੇਖ-ਭਾਲ ਕਰਨੀ ਚਾਹੀਦੀ ਹੈ ਜਿਵੇਂ ਕਿ ਬੈਂਗਣ ਅਤੇ ਆਲੂ ਨੂੰ ਪੋਟਾਸ਼ੀਅਮ/ਸੋਡੀਅਮ ਮੈਟਾਬਾਈਸਲਫਾਈਟ (400 ਪੀ ਪੀ ਐੱਮ) ਵਾਲੇ ਪਾਣੀ ਵਿੱਚ ਡੁਬੋਇਆ ਜਾਵੇ ਕਿਉਂਕਿ ਇਹ ਕੱਟਣ ਤੋਂ ਤੁਰੰਤ ਬਾਅਦ ਭੂਰੇ ਹੋ ਜਾਂਦੇ ਹਨ ਅਤੇ ਉਤਪਾਦ ਦੀ ਅੰਤਮ ਗੁਣਵੱਤਾ ਨੂੰ ਪ੍ਰਭਾਵਿਤ ਕਰ ਸਕਦੇ ਹਨ । ਕੱਟੇ ਹੋਏ ਉਤਪਾਦ ਦੀ ਮੋਟਾਈ ਠੀਕ ਹੋਣੀ ਚਾਹੀਦੀ ਹੈ ਕਿਉਂਕਿ ਜ਼ਿਆਦਾ ਮੋਟੇ ਟੁੱਕੜੇ ਸੁੱਕਣ ਲਈ ਬਹੁਤ ਸਮਾਂ ਲੈਣਗੇ ਅਤੇ ਬਹੁਤ ਪਤਲੇ ਟੁੱਕੜੇ ਸੁਕਾਉਣ ਵਾਲੀਆਂ ਟਰੇਆਂ ਦੇ ਨਾਲ ਜੁੜ ਜਾਣਗੇ ।

2. **ਸੁਕਾਉਣ ਤੋਂ ਪਹਿਲਾਂ ਕੀਤੇ ਜਾਣ ਵਾਲੇ ਵਿਸ਼ੇਸ਼ ਕਾਰਜ** : ਕੱਟੇ ਹੋਏ ਉਤਪਾਦ ਦੀ ਗੁਣਵੱਤਾ ਨੂੰ ਵਧਾਉਣ ਲਈ ਵੱਖ ਵੱਖ ਤਰ੍ਹਾਂ ਦੀ ਤਿਆਰੀ ਕੀਤੀ ਜਾਂਦੀ ਹੈ ਜਿਵੇਂ ਕਿ ਬਲਾਂਚਿੰਗ ਅਤੇ ਡੀਪਿੰਗ (ਡੁੱਬਕੀ) । ਬਲਾਂਚਿੰਗ ਨੂੰ ਕੁੱਝ ਸਕਿੰਟਾਂ ਤੋਂ ਕੁੱਝ ਮਿੰਟਾਂ ਤੱਕ ਗਰਮ ਪਾਣੀ ਜਾਂ ਭਾਫ ਦੇ ਉਪਚਾਰ ਤੋਂ ਤੁਰੰਤ ਬਾਅਦ ਠੰਡੇ ਪਾਣੀ ਵਿਚ ਡੁਬੋਣ ਵਜੋਂ ਪਰਿਭਾਸ਼ਤ ਕੀਤਾ ਜਾਂਦਾ ਹੈ ਤਾਂ ਜੋ ਪੌਲੀਫੀਨੋਲ ਆਕਸੀਡੇਜ਼ ਐਂਜ਼ਾਈਮ ਬੇਅਸਰ ਹੋ ਜਾਵੇ ਜੋ ਕਿ ਉਤਪਾਦ ਵਿੱਚ ਭੂਰੇਪਨ ਲਿਆਉਣ ਦਾ ਕਾਰਨ ਬਣਦਾ ਹੈ । ਬਲਾਂਚਿੰਗ ਦਾ ਇਕ ਵੱਡਾ ਫਾਇਦਾ ਇਹ ਹੈ ਕਿ ਇਹ ਰੰਗ ਨੂੰ ਸੁਰੱਖਿਅਤ ਰੱਖਣ ਅਤੇ ਸੁਕਾਉਣ ਦੇ ਕੰਮ ਵਿੱਚ ਸੁਧਾਰ ਕਰਨ ਲਈ ਮਦਦ ਕਰਦਾ ਹੈ । ਭਾਫ ਬਲਾਂਚਿੰਗ ਇੱਕ ਸਟੀਮਰ ਜਾਂ ਛਣਨੀ ਉੱਪਰ ਢੱਕਣ ਨਾਲ ਕੀਤੀ ਜਾ ਸਕਦੀ ਹੈ । ਤਿਆਰ ਕੀਤੀਆਂ ਸਬਜ਼ੀਆਂ ਨੂੰ ਸਟੀਮਰ ਜਾਂ ਛਣਨੀ ਵਿੱਚ ਇਸ ਤਰ੍ਹਾਂ ਪਾਇਆ ਜਾਂਦਾ ਹੈ ਕਿ ਡੂੰਘਾਈ 2 ਇੰਚ ਤੋਂ ਵੱਧ ਨਾ ਹੋਵੇ ਅਤੇ ਇਸ ਨੂੰ ਲੋੜੀਂਦੇ ਸਮੇਂ ਤੱਕ ਭਾਫ ਲਵਾਈ ਜਾਂਦੀ ਹੈ । ਗਰਮ ਪਾਣੀ ਵਿੱਚ ਬਲਾਂਚਿੰਗ ਕਰਨ ਲਈ, ਕੱਟੇ ਹੋਏ ਉਤਪਾਦ ਨੂੰ ਮਲਮਲ ਦੇ ਕੱਪੜੇ ਵਿੱਚ ਬੰਨ ਕੇ ਗਰਮ ਪਾਣੀ ਵਿਚ ਸਿਫਾਰਸ਼ ਕੀਤੇ ਸਮੇਂ ਲਈ ਡੁਬੋ ਕੇ ਰੱਖਿਆ ਜਾਂਦਾ ਹੈ । ਸਲਫਰਿੰਗ/ਸਲਫਾਈਟਿੰਗ ਉਪਚਾਰ ਸਬਜ਼ੀਆਂ ਦੇ ਸੁੱਕਣ ਦੌਰਾਨ ਹੋਣ ਵਾਲੇ ਭੂਰੇਪਨ ਦੀਆਂ ਪ੍ਰਤੀਕਿਰਿਆਵਾਂ ਨੂੰ ਰੋਕਣ ਲਈ ਅਤੇ ਉਤਪਾਦ ਦੇ ਅੰਤਮ ਰੰਗ ਨੂੰ ਬਰਕਰਾਰ ਰੱਖਣ ਲਈ ਕੀਤਾ ਜਾਂਦਾ ਹੈ । ਸਲਫਰ ਦਾ ਸਭ ਤੋਂ ਆਮ ਸਰੋਤ ਪੋਟਾਸ਼ੀਅਮ ਮੈਟਾਬਾਈਸਲਫਾਈਟ ਹੁੰਦਾ ਹੈ ਜਿਸ ਦੇ ਘੋਲ ਵਿੱਚ ਕੱਟੀਆਂ ਹੋਈਆਂ ਸਬਜ਼ੀਆਂ ਨੂੰ ਥੋੜੇ ਸਮੇਂ ਲਈ ਡੁਬੋਇਆ ਜਾਂਦਾ ਹੈ ।



3. **ਡੀਹਾਈਡ੍ਰੇਸ਼ਨ** : ਇਸ ਤੋਂ ਬਾਦ ਸਬਜ਼ੀਆਂ ਨੂੰ ਇਲੈਕਟ੍ਰਿਕ ਫੋਰਸਡ ਏਅਰ ਡੀਹਾਈਡ੍ਰੇਟਰ ਵਿੱਚ ਜ਼ਿਆਦਾਤਰ ਦੋ ਜਾਂ ਤਿੰਨ ਪੜਾਵਾਂ ਰਾਹੀਂ ਤਾਪਮਾਨ ਵਿੱਚ ਤਬਦੀਲੀ ਕਰਦੇ ਹੋਏ ਸੁਕਾਇਆ ਜਾਂਦਾ ਹੈ । ਉਪਜ ਨੂੰ ਸਟੇਨਲੈਸ ਸਟੀਲ ਤੋਂ ਬਣੀਆਂ ਛੇਕ ਵਾਲੀਆਂ ਟਰੇਆਂ ਵਿੱਚ 2-6 ਸੈਂਟੀਮੀਟਰ ਡੂੰਘੀ ਪਰਤ ਬਣਾ ਕੇ ਰੱਖਿਆ ਜਾਂਦਾ ਹੈ । ਪਹਿਲੇ ਪੜਾਅ ਵਿੱਚ 5-6 ਘੰਟਿਆਂ ਲਈ ਤਾਪਮਾਨ $60\pm5^{0}C$ ਤੇ ਰੱਖਿਆ ਜਾਂਦਾ ਹੈ ਜਦੋਂ ਤੱਕ ਕਿ ਉਤਪਾਦ ਦੀ ਨਮੀਂ 20-30 ਪ੍ਰਤੀਸ਼ਤ ਤੱਕ ਘੱਟ ਨਹੀਂ ਜਾਂਦੀ । ਦੂਜਾ ਪੜਾਅ $45\pm5^{0}C$ ਤਾਪਮਾਨ ਤੇ ਸ਼ੁਰੂ ਹੁੰਦਾ ਹੈ ਅਤੇ ਉਦੋਂ ਤੱਕ ਚੱਲਦਾ ਹੈ ਜਦੋਂ ਤੱਕ ਉਤਪਾਦ ਵਿੱਚ ਨਮੀਂ ਦੀ ਮਾਤਰਾ 10 ਪ੍ਰਤੀਸ਼ਤ ਤੋਂ ਘੱਟ ਨਹੀਂ ਰਹਿ ਜਾਂਦੀ । ਸੋਲਰ ਡਰਾਇਅਰ ਦੀ ਵਰਤੋਂ ਨਾਲ ਉਤਪਾਦ ਨੂੰ ਸਫਲਤਾਪੂਰਵਕ ਸੁਕਾਉਣ ਲਈ 2 ਦਿਨਾਂ ਲਈ ਪੂਰੀ ਧੁੱਪ ਦੀ ਜ਼ਰੂਰਤ ਹੁੰਦੀ ਹੈ ਅਤੇ ਇਸ ਦੇ ਨਾਲ ਹੀ ਸੋਲਰ ਡਰਾਇਅਰ ਦੀਆਂ ਅੰਦਰਲੀਆਂ ਪਲਾਸਟਿਕ ਚਾਦਰਾਂ ਵਿੱਚ ਪਾਣੀ ਦੀ ਭਾਫ ਨੂੰ ਸੰਘਣ ਤੋਂ ਰੋਕਣਾ ਹੁੰਦਾ ਹੈ । ਸੁੱਕਣ ਤੋਂ ਬਾਅਦ ਉਤਪਾਦ ਦਾ ਔਸਤ ਭਾਰ (ਝਾੜ) 10-12 ਪ੍ਰਤੀਸ਼ਤ ਹੁੰਦਾ ਹੈ (1 ਕਿਲੋ ਤਾਜ਼ਾ ਉਪਜ ਤੋਂ ਲਗਭਗ 100 ਗ੍ਰਾਮ ਸੁੱਕਾ ਉਤਪਾਦ ਮਿਲਦਾ ਹੈ) ।

4. **ਨਿਰੀਖਣ** : ਸੁੱਕੇ ਹੋਏ ਉਤਪਾਦ ਦੀ ਗੁਣਵੱਤਾ ਨੂੰ ਬਰਕਰਾਰ ਰੱਖਣ ਲਈ ਛੋਟੇ ਅਤੇ ਜ਼ਿਆਦਾ ਵੱਡੇ ਆਕਾਰ ਦੇ ਕਣ, ਰੰਗਹੀਣ ਕਣ, ਬਾਹਰੀ ਸਮੱਗਰੀ, ਡੰਡੀ ਆਦਿ ਨੂੰ ਹਟਾਉਣ ਲਈ ਜਾਂਚ ਕੀਤੀ ਜਾਂਦੀ ਹੈ ।

5. **ਪੈਕਿੰਗ** : ਸੁੱਕੀਆਂ ਹੋਈਆਂ ਸਬਜ਼ੀਆਂ ਨੂੰ ਫੂਡ ਗਰੇਡ ਪਲਾਸਟਿਕ ਬੈਗਾਂ ਵਿੱਚ ਸਫਾਈ ਨਾਲ ਪੈਕ ਕੀਤਾ ਜਾਂਦਾ ਹੈ । ਪੈਕ ਕੀਤੇ ਉਤਪਾਦ ਨੂੰ ਠੰਡੀ ਤੇ ਸੁੱਕੀ ਥਾਂ ਤੇ ਰੱਖਿਆ ਜਾਂਦਾ ਹੈ । ਜੇਕਰ ਸੁੱਕੇ ਉਤਪਾਦ ਨੂੰ ਡਰਾਇਰ ਵਿੱਚੋਂ ਕੱਢਣ ਤੋਂ ਬਾਅਦ 30 ਮਿੰਟਾਂ ਦੇ ਸਮੇਂ ਲਈ ਠੰਡਾ ਨਾ ਹੋਣ ਦਿੱਤਾ ਜਾਵੇ ਅਤੇ ਤੁਰੰਤ ਪੈਕ ਕਰ ਦਿੱਤਾ ਜਾਵੇ ਤਾਂ ਉਸ ਵਿਚ ਨਮੀ ਆ ਸਕਦੀ ਹੈ । ਇਸ ਸਥਿਤੀ ਵਿੱਚ ਪਾਣੀ ਦੀ ਭਾਫ ਦੇ ਇਕੱਠਾ ਹੋਣ ਕਾਰਨ ਪੈਕਟ ਦੇ ਅੰਦਰ ਉੱਲੀ ਦਾ ਵਿਕਾਸ ਹੋ ਸਕਦਾ ਹੈ । ਇਸ ਲਈ ਭੰਡਾਰਨ ਦੌਰਾਨ ਖਰਾਬ ਹੋਣ ਤੋਂ ਬਚਾਉਣ ਲਈ ਸੁੱਕੀਆਂ ਉਪਜਾਂ ਨੂੰ ਪੈਕਿੰਗ ਤੋਂ ਪਹਿਲਾਂ ਚੰਗੀ ਤਰ੍ਹਾਂ ਠੰਡਾ ਕੀਤਾ ਜਾਣਾ ਚਾਹੀਦਾ ਹੈ ।

6. **ਸੁੱਕੇ ਉਤਪਾਦਾਂ ਦੀ ਮੁੜ ਤਿਆਰੀ** : ਸੁੱਕੀਆਂ ਸਬਜ਼ੀਆਂ ਨੂੰ ਖਪਤ ਤੋਂ ਪਹਿਲਾਂ ਪਾਣੀ ਵਿੱਚ ਡੁਬੋ ਕੇ ਨਮੀਂ ਮੁੜ ਵਾਪਸ ਲਿਆਉਣ ਨੂੰ ਪੁਨਰਗਠਨ ਕਿਹਾ ਜਾਂਦਾ ਹੈ । ਇਸ ਦਾ ਸਮਾਂ ਸੁੱਕੇ ਉਤਪਾਦ ਦੇ ਮਾਪ ਅਤੇ ਆਕਾਰ ਤੇ ਨਿਰਭਰ ਕਰਦਾ ਹੈ । ਸੁੱਕੀਆਂ ਸਬਜ਼ੀਆਂ ਨੂੰ ਜੇਕਰ ਗਰਮ ਪਾਣੀ ਵਿੱਚ ਡੁਬੋਇਆ ਜਾਵੇ ਤਾਂ 1-2 ਘੰਟਿਆਂ ਦੇ ਅੰਦਰ ਜਲਦੀ ਮੁੜ ਸੰਗਠਿਤ ਹੋ ਜਾਂਦੀਆਂ ਹਨ ਜਦੋਂ ਕਿ ਠੰਡੇ ਪਾਣੀ ਵਿਚ ਇਸ ਨੂੰ 5-6 ਘੰਟੇ ਲੱਗਦੇ ਹਨ । ਵੱਡੇ ਮਾਪ ਵਾਲਾ ਉਤਪਾਦ ਜ਼ਿਆਦਾ ਸਮਾਂ ਲੈਂਦਾ ਹੈ ਅਤੇ ਛੋਟੇ ਵਾਲਾ ਘੱਟ । ਮੁੜ ਸੰਗਠਿਤ ਸਬਜ਼ੀਆਂ ਤਾਜ਼ੀਆਂ ਸਬਜ਼ੀਆਂ ਵਾਂਗ ਹੀ ਲੱਗਦੀਆਂ ਹਨ ਅਤੇ ਅੱਗੇ ਪਕਾਉਣ ਲਈ ਵਰਤੀਆਂ ਜਾ ਸਕਦੀਆਂ ਹਨ ।




7. **ਮੰਡੀਕਰਨ ਸਮਰੱਥਾ** : ਜੀਵਨਸ਼ੈਲੀ ਵਿੱਚ ਤਬਦੀਲੀਆਂ ਅਤੇ ਖਪਤਕਾਰਾਂ ਦੇ ਖਰੀਦਣ ਦੇ ਨਜ਼ਰੀਏ ਵਿੱਚ ਬਦਲਾਅ ਕਾਰਨ ਅੰਤਰਰਾਸ਼ਟਰੀ ਪੱਧਰ ਤੇ ਡੀਹਾਈਡ੍ਰੇਟਡ (ਸੁੱਕੀਆਂ) ਸਬਜ਼ੀਆਂ ਦੀ ਮੰਗ ਵਿੱਚ ਵਾਧਾ ਹੋਇਆ ਹੈ । ਜਿਵੇਂ ਕਿ ਭਾਰਤ ਵਿੱਚ ਹਰ ਸਾਲ ਸਬਜ਼ੀਆਂ ਦਾ ਬਹੁਤ ਨੁਕਸਾਨ ਹੁੰਦਾ ਹੈ । ਇਸ ਲਈ ਡੀਹਾਈਡ੍ਰੇਸ਼ਨ ਇੱਕ ਸੰਭਾਵਿਤ ਤਕਨੀਕ ਹੈ ਜਿਸ ਨਾਲ ਸਬਜ਼ੀਆਂ ਨੂੰ ਘੱਟ ਤੋਂ ਘੱਟ ਪ੍ਰੋਸੈਸਿੰਗ ਕਰਕੇ ਲੰਬੇ ਸਮੇਂ ਲਈ ਸੁਰੱਖਿਅਤ ਰੱਖਿਆ ਜਾ ਸਕਦਾ ਹੈ । ਡੀਹਾਈਡ੍ਰੇਸ਼ਨ ਤਕਨੀਕ ਨਿਵੇਸ਼ਕਾਂ ਨੂੰ ਬਹੁਤ ਲਾਭ ਪਹੁੰਚਾ ਸਕਦੀ ਹੈ ਕਿਉਂਕਿ ਇਹ ਉਤਪਾਦ ਦੇ ਖਰਾਬ ਹੋਣ ਦੀ ਦਰ ਨੂੰ ਘਟਾ ਕੇ ਉਸ ਦੀ ਸ਼ੈਲਫ ਲਾਈਫ ਵਧਾ ਦਿੰਦੀ ਹੈ । ਟਾਈਮਜ਼ ਆਫ ਇੰਡੀਆ (2018) ਦੀ ਰਿਪੋਰਟ ਅਨੁਸਾਰ ਭਾਰਤੀ ਬਾਜ਼ਾਰ ਵਿੱਚ ਸੁੱਕੇ ਪਿਆਜ਼ ਅਤੇ ਲਸਣ, ਸੁਕਾਈਆਂ ਹੋਈਆਂ ਸਬਜ਼ੀਆਂ 10 ਪ੍ਰਤੀਸ਼ਤ ਵਿੱਤੀ ਵਾਧੇ ਨੂੰ ਦਰਸਾਉਂਦੇ ਹਨ । ਇਸ ਤਕਨੀਕ ਨੇ ਕਿਸਾਨਾਂ ਨੂੰ ਵਾਧੂ ਆਮਦਨੀ ਦਾ ਇੱਕ ਨਵਾਂ ਰਾਹ ਦਿਖਾਇਆ ਹੈ ਕਿਉਂਕਿ ਉਹ ਪਹਿਲਾਂ ਪਿਆਜ਼ ਅਤੇ ਲਸਣ ਭਰਮਾਰ ਵਾਲੇ ਮੌਸਮ ਵਿੱਚ ਸੁੱਟ ਦੇਣ ਵਾਲੇ ਭਾਅ ਬਰਾਬਰ ਵੇਚਦੇ ਸਨ । ਉਭਰ ਰਹੇ ਉਦਯੋਗੀ ਅਤੇ ਕਿਸਾਨ ਇਹ ਤਕਨੀਕ ਨਾਲ ਸ਼ੁਰੂਆਤ ਕਰ ਸਕਦੇ ਹਨ ਅਤੇ ਆਪਣੀ ਆਮਦਨ ਦੇ ਸਰੋਤ ਨੂੰ ਵਧਾਉਣ ਲਈ ਇਸ ਘੱਟ ਲਾਗਤ ਵਾਲੀ ਤਕਨੀਕ ਦਾ ਲਾਭ ਲੈ ਸਕਦੇ ਹਨ ।




# ਅੰਤਰਿਮ ਬਜਟ ਵਿਚ ਆਮ ਆਦਮੀ ਲਈ ਰਾਹਤ ਨਜ਼ਰ ਨਹੀਂ ਆਉਂਦੀ

ਵਿੱਤ ਮੰਤਰੀ ਸ੍ਰੀਮਤੀ ਸੀਤਾਰਮਨ ਵੱਲੋਂ 2024-25 ਲਈ 47.66 ਲੱਖ ਕਰੋੜ ਦਾ ਅੰਤਰਿਮ ਬਜਟ ਪੇਸ਼ ਕੀਤਾ ਗਿਆ। ਉਨ੍ਹਾਂ ਨੂੰ ਛੇਵੀਂ ਵਾਰ ਬਜਟ ਪੇਸ਼ ਕਰਨ ਦਾ ਅਵਸਰ ਮਿਲਿਆ ਹੈ। ਪੂਰਾ ਬਜਟ ਇਸ ਸਾਲ ਹੋਣ ਵਾਲੀਆਂ ਚੋਣਾਂ ਵਿਚ ਸਰਕਾਰ ਵਲੋਂ ਜੁਲਾਈ ਵਿਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਚੋਣਾਂ ਦਾ ਸਾਲ ਹੋਣ ਕਰਕੇ ਆਮ ਵਿਅਕਤੀ ਇਹ ਉਮੀਦ ਕਰਦਾ ਸੀ ਕਿ ਇਸ ਬਜਟ ਵਿਚ ਬਹੁਤ ਸਾਰੀਆਂ ਰਾਹਤਾਂ ਦਿੱਤੀਆਂ ਜਾਣਗੀਆਂ ਪਰ ਜਿਉਂ-ਜਿਉਂ ਬਜਟ ਬਾਰੇ ਵਿੱਤ ਮੰਤਰੀ ਵੇਰਵਾ ਦਿੰਦੀ ਰਹੀ, ਉਸ ਵਿਚ ਸਾਰੀਆਂ ਸਕੀਮਾਂ ਜਿਹੜੀਆਂ ਸ਼ੁਰੂ ਕਰਨੀਆਂ ਹਨ ਜਾਂ ਪਿਛਲੇ 10 ਸਾਲਾਂ ਦੀਆਂ ਸਰਕਾਰ ਦੀਆਂ



ਡਾ. ਸ. ਸ. ਛੀਨਾ

ਪ੍ਰਾਪਤੀਆਂ ਦਾ ਜ਼ਿਕਰ ਹੀ ਹੁੰਦਾ ਰਿਹਾ ਅਤੇ ਆਮ ਵਿਅਕਤੀ ਨੂੰ ਰਾਹਤ ਦੇਣ ਸੰਬੰਧੀ ਕੁਝ ਵੀ ਨਾ ਦੱਸਿਆ ਗਿਆ। ਇਸ ਬਜਟ ਵਿਚ ਇਹ ਦੱਸਿਆ ਗਿਆ ਕਿ ਕਰ ਦੇਣ ਵਾਲੇ ਲੋਕਾਂ ਦੀ ਗਿਣਤੀ ਵਿਚ 2.4 ਫੀਸਦੀ ਜਦੋਂ ਕਿ ਟੈਕਸਾਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਵਿਚ 3 ਫੀਸਦੀ ਦਾ ਵਾਧਾ ਹੋਇਆ ਹੈ ਪਰ ਨਾ ਤਾਂ ਟੈਕਸ ਸਲੈਬਾਂ ਵਿਚ ਕੋਈ ਤਬਦੀਲੀ ਕੀਤੀ ਗਈ ਹੈ ਅਤੇ ਨਾ ਹੀ ਟੈਕਸ ਦੇ ਅਨੁਪਾਤ ਵਿਚ ਭਾਵੇਂ ਕਿ ਸਿੱਧੇ ਟੈਕਸ ਦੇਣ ਵਾਲਿਆਂ ਦੀ ਗਿਣਤੀ 141 ਕਰੋੜ ਵਿਚੋਂ ਸਿਰਫ 3 ਕਰੋੜ ਦੇ ਕਰੀਬ ਹੀ ਹੈ ਅਤੇ ਉਸ ਵਿਚ ਵੀ 70 ਲੱਖ ਉਹ ਟੈਕਸ ਦੇਣ ਵਾਲੇ ਸਰਕਾਰੀ ਜਾਂ ਸੰਗਠਿਤ ਸੰਸਥਾਵਾਂ ਦੇ ਕਰਮਚਾਰੀ ਹਨ ਜਿਹੜੇ ਕਿਸੇ ਤਰ੍ਹਾਂ ਵੀ ਟੈਕਸ ਨੂੰ ਟਾਲ ਨਹੀਂ ਸਕਦੇ। ਇਸ ਦਾ ਅਰਥ ਹੈ ਕਿ ਜ਼ਿਆਦਾ ਜਾਂ ਕੋਈ 97 ਫੀਸਦੀ ਵਿਅਕਤੀ ਤਾਂ ਟੈਕਸ ਦੇਣ ਵਾਲੀ ਆਮਦਨ ਦੀ ਮੁੱਢਲੀ ਸ਼ਰਤ ਵੀ ਪੂਰੀ ਨਹੀਂ ਕਰਦੇ। ਭਾਵੇਂ ਕਿ ਇਸ ਬਜਟ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਪਿਛਲੇ ਸਾਲਾਂ ਵਿਚ 25 ਕਰੋੜ ਲੋਕਾਂ ਨੂੰ ਗਰੀਬੀ ਦੀ ਰੇਖਾ ਦੀ ਪਰਿਭਾਸ਼ਾ ਨੂੰ ਵਾਚਿਆ ਜਾਵੇ, ਇਸ ਵਿਚ ਸ਼ਹਿਰਾਂ ਵਿਚ ਰੋਜ਼ਾਨਾ 32 ਰੁਪਏ ਅਤੇ ਪਿੰਡਾਂ ਵਿਚ ਰੋਜ਼ਾਨਾ 27 ਰੁਪਏ ਖਰਚ ਕਰਨ ਵਾਲਾ ਗਰੀਬੀ ਦੀ ਰੇਖਾ ਤੋਂ ਉੱਪਰ ਮੰਨਿਆ ਜਾਂਦਾ ਹੈ ਤਾਂ ਇਹ 25 ਕਰੋੜ ਦੀ ਗਿਣਤੀ ਮਹੱਤਵਹੀਨ ਲੱਗਦੀ ਹੈ। ਇਸ ਦੇ ਨਾਲ ਹੀ ਜਿਸ ਰਫਤਾਰ ਨਾਲ ਗਰੀਬੀ ਤੇ ਅਮੀਰੀ ਦਾ ਪਾੜਾ ਵਧਿਆ ਹੈ, ਉਸ ਹਿਸਾਬ ਨਾਲ ਕਾਰਪੋਰੇਟ ਖੇਤਰ 'ਤੇ ਟੈਕਸ ਵਿਚ ਵੱਡਾ ਵਾਧਾ ਕਰਨਾ ਚਾਹੀਦਾ ਸੀ ਪਰ ਇਸ ਦੇ ਉਲਟ ਪਹਿਲਾਂ ਕਾਰਪੋਰੇਟ ਟੈਕਸ 30 ਫੀਸਦੀ ਤੋਂ ਘਟਾ ਕੇ 25 ਫੀਸਦੀ ਕੀਤਾ ਗਿਆ ਸੀ, ਹੁਣ ਹੋਰ ਘਟਾ ਕੇ 22 ਫੀਸਦੀ ਕਰ ਦਿੱਤਾ ਗਿਆ ਹੈ। ਇਹ ਵੱਡੀ ਨਾ-ਬਰਾਬਰੀ ਵਾਲੀ ਆਰਥਿਕਤਾ ਵਿਚ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਕਿਹਾ ਜਾ ਸਕਦਾ।

ਚੋਣਾਂ ਦਾ ਸਾਲ ਹੋਣ ਕਰਕੇ ਦੇਸ਼ ਦੀ 60 ਫੀਸਦੀ ਉਹ ਵਸੋਂ ਜਿਹੜੀ ਖੇਤੀ 'ਤੇ ਨਿਰਭਰ ਕਰਦੀ ਹੈ, ਉਸ ਨੂੰ ਇਸ ਬਜਟ ਤੋਂ ਰਾਹਤ ਦੀਆਂ ਵੱਡੀਆਂ ਉਮੀਦਾਂ ਸਨ ਪਰ 11.8 ਕਰੋੜ ਉਹ ਕਿਸਾਨ ਜਿਹੜੇ 'ਪ੍ਰਧਾਨ ਮੰਤਰੀ ਸਨਮਾਨ ਨਿੱਧੀ ਯੋਜਨਾ' ਅਧੀਨ ਸਾਲ ਵਿਚ 6000 ਰੁਪਏ ਦੀ ਪੈਨਸ਼ਨ ਲੈ ਰਹੇ ਸਨ, ਉਨ੍ਹਾਂ ਨੂੰ ਵੱਡੀ ਉਮੀਦ ਸੀ ਕਿ ਇਸ ਬਜਟ ਵਿਚ ਉਸ ਪੈਨਸ਼ਨ ਵਿਚ ਹੋਰ ਵਾਧਾ ਕੀਤਾ ਜਾਵੇਗਾ ਪਰ ਉਸ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ। ਸ਼ਾਇਦ ਜੁਲਾਈ ਦੇ ਪੂਰੇ ਬਜਟ ਵਿਚ ਇਸ ਸੰਬੰਧੀ ਰਾਹਤ ਦਿੱਤੀ ਜਾਵੇਗੀ। ਕਿਸਾਨਾਂ ਸੰਬੰਧੀ ਸਿਰਫ ਇਹੋ ਜਾਣਕਾਰੀ ਦਿੱਤੀ ਗਈ ਹੈ ਕਿ 12 ਕਰੋੜ ਕਿਸਾਨਾਂ ਨੂੰ ਕਰਜ਼ੇ ਦੀ ਸਹੂਲਤ ਦਿੱਤੀ ਗਈ ਹੈ ਪਰ ਇਸ ਬਜਟ ਵਿਚ ਆਉਣ ਵਾਲੇ ਸਮੇਂ ਵਿਚ ਕਰਜ਼ੇ ਜਾਂ ਕਿਸਾਨੀ ਨੂੰ ਫਸਲਾਂ ਦੇ ਢੁਕਵੇਂ ਸਮਰਥਨ ਮੁੱਲ ਦੇਣ ਦੀ ਕੋਈ ਘੋਸ਼ਣਾ ਨਹੀਂ ਕੀਤੀ ਗਈ। ਕਿਸਾਨੀ ਬਾਰੇ ਸਿਰਫ ਇਹ ਹੀ ਕਿਹਾ ਗਿਆ ਹੈ ਕਿ ਤਿਲਹਨ ਦੀਆਂ ਫਸਲਾਂ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਤੇਲ ਬੀਜਾਂ ਦੀ ਦਰਾਮਦ (ਆਯਾਤ) ਨੂੰ ਘਟਾਉਣ ਦੀ ਸਕੀਮ ਬਣਾਈ ਜਾਵੇਗੀ ਪਰ ਇਸ ਸੰਬੰਧੀ ਹੋਰ ਵੇਰਵਾ ਨਹੀਂ ਦਿੱਤਾ ਗਿਆ। ਕਿਸਾਨੀ ਬਾਰੇ ਹੋਰ ਸਕੀਮਾਂ ਵਿਚ ਡੇਅਰੀ ਕਿਸਾਨਾਂ ਦੀ ਸਹਾਇਤਾ ਕਰਨ ਦੀ ਗੱਲ ਕਹੀ ਗਈ ਹੈ ਪਰ ਉਸ ਦੀ ਵੀ ਵਿਆਖਿਆ ਨਹੀਂ ਕੀਤੀ ਗਈ।

ਬਜਟ ਅਨੁਸਾਰ ਪਿਛਲੇ ਸਾਲਾਂ ਵਿਚ 3 ਕਰੋੜ ਘਰ ਬਣਾਏ ਗਏ ਹਨ ਅਤੇਆਉਣ ਵਾਲੇ 5 ਸਾਲਾਂ ਵਿਚ 2 ਕਰੋੜ ਹੋਰ ਘਰ ਬਣਾਏ ਜਾਣਗੇ। ਇਹ ਘੋਸ਼ਣਾ ਭਾਵੇਂ ਸਲਾਹੁਣਯੋਗ ਤਾਂ ਹੈ ਪਰ ਇਸ ਲਈ ਸਹਾਇਤਾ ਕਿਸ ਤਰ੍ਹਾਂ ਦਿੱਤੀ ਜਾਵੇਗੀ, ਇਸ ਦੀ ਕੋਈ ਵਿਆਖਿਆ ਨਹੀਂ ਕੀਤੀ ਗਈ। ਇਸ ਬਜਟ ਵਿਚ ਸੂਰਜੀ ਪੈਨਲ ਲਾ ਕੇ ਇਕ ਕਰੋੜ ਘਰਾਂ ਨੂੰ 300 ਯੂਨਿਟ ਮੁਫਤ ਬਿਜਲੀ ਦੇਣ ਬਾਰੇ ਦੱਸਿਆ ਗਿਆ ਹੈ। ਸੂਰਜੀ ਪੈਨਲ ਲਾਉਣ ਦੀ ਸਹਾਇਤਾ ਦਾ ਐਲਾਨ ਕੀਤਾ ਗਿਆ ਹੈ ਪਰ ਉਸ ਸੰਬੰਧੀ ਵੀ ਤਫਸੀਲ ਨਹੀਂ ਦਿੱਤੀ ਗਈ।

ਰੁਜ਼ਗਾਰ ਵਿਚ ਵਾਧਾ ਕਰਨ ਲਈ ਬੁਨਿਆਦੀ ਆਰਥਿਕ ਢਾਂਚੇ ਵਿਚ 11 ਫੀਸਦੀ ਵੱਧ ਸਰਕਾਰੀ ਨਿਵੇਸ਼ ਕੀਤਾ ਜਾਵੇਗਾ, ਜਿਸ ਵਿਚ 517 ਨਵੇਂ ਹਵਾਈ ਰਸਤਿਆਂ 'ਤੇ 149 ਹਵਾਈ ਅੱਡਿਆਂ ਤੋਂ ਉਡਾਣਾਂ, 40 ਹਜ਼ਾਰ ਰੇਲਵੇ ਦੇ ਡੱਬੇ ਬਦਲਣੇ ਅਤੇ 3 ਨਵੇਂ ਰੇਲ ਕਾਰੀਡੋਰਾਂ ਦੀ ਉਸਾਰੀ ਬਾਰੇ ਜਾਣਕਾਰੀ ਦਿੱਤੀ ਗਈ ਹੈ, ਜਿਸ ਨਾਲ 55 ਲੱਖ ਨਵੀਆਂ ਨੌਕਰੀਆਂ ਨਿਕਲਣ ਦਾ ਅਨੁਮਾਨ ਹੈ, ਪਰ ਜਿਸ ਹਿਸਾਬ ਨਾਲ ਬੇਰੁਜ਼ਗਾਰੀ ਵਧ ਰਹੀ ਹੈ, ਉਸ ਦੇ ਅਨੁਸਾਰ ਹਰ ਸਾਲ ਇਕ ਕਰੋੜ ਦੇ ਕਰੀਬ ਬੇਰੁਜ਼ਗਾਰ ਲੋਕਾਂ ਦਾ ਵਾਧਾ ਹੋ ਜਾਂਦਾ ਹੈ, ਜਿਸ ਵਿਚ 55 ਲੱਖ ਨੌਕਰੀਆਂ ਇਕ ਸਾਲ ਦੀ ਨਵੀਂ

**ਬਜਟ ਦੀ ਵਿਆਖਿਆ ਅਤੇ ਅਸਲੀਅਤ ਵਿਚ ਕਈ ਥਾਵਾਂ 'ਤੇ ਆਪਾ ਵਿਰੋਧੀ ਵਿਚਾਰ ਹਨ। ਜਿਸ ਤਰ੍ਹਾਂ ਬਜਟ ਵਿਚ ਦੱਸਿਆ ਗਿਆ ਹੈ ਕਿ ਪਿਛਲੇ ਸਮੇਂ ਵਿਚ ਆਮ ਵਿਅਕਤੀ ਦੀ ਆਮਦਨ ਵਿਚ 50 ਫੀਸਦੀ ਦਾ ਵਾਧਾ ਹੋਇਆ ਹੈ ਪਰ ਆਮਦਨ ਟੈਕਸ ਦੇਣ ਵਾਲਿਆਂ ਦੀ ਗਿਣਤੀ ਵਿਚ ਸਿਰਫ 3 ਫੀਸਦੀ ਦਾ ਹੀ ਵਾਧਾ ਹੋਇਆ ਹੈ। ਮਹਿੰਗਾਈ ਨਾਲ ਉਸ ਵਧੀ ਆਮਦਨ ਦੇ ਅਨੁਪਾਤ ਦਾ ਮੁਕਾਬਲਾ ਕਰੀਏ ਤਾਂ ਇਨ੍ਹਾਂ ਤੱਥਾਂ 'ਤੇ ਸ਼ੰਕੇ ਪੈਦਾ ਹੁੰਦੇ ਹਨ। ਵਿਦੇਸ਼ੀ ਮੁਦਰਾ ਦੇ ਨਿਵੇਸ਼ ਦਾ ਜ਼ਿਕਰ ਕਰਦਿਆਂ 596 ਅਰਬ ਡਾਲਰ ਨਿਵੇਸ਼ ਦਾ ਜ਼ਿਕਰ ਕੀਤਾ ਗਿਆ ਹੈ ਪਰ ਇਹ ਵੀ ਪਿਛਲੇ ਸਮੇਂ ਦਾ ਹੋਇਆ ਨਿਵੇਸ਼ ਹੀ ਹੈ।**

ਬੇਰੁਜ਼ਗਾਰੀ ਦੇ ਅੱਧ ਵਿਚ ਹੀ ਪਹੁੰਚਦੀਆਂ ਹਨ। ਇਸ ਬਜਟ ਵਿਚ ਔਰਤਾਂ ਦੇ ਸਸ਼ਕਤੀਕਰਨ ਸੰਬੰਧੀ ਵੱਡੇ ਦਾਅਵੇ ਵੀ ਕੀਤੇ ਗਏ ਹਨ ਅਤੇ ਤੱਥ ਵੀ ਦਿੱਤੇ ਗਏ ਹਨ। ਬਜਟ ਵਿਚ ਦੱਸਿਆ ਗਿਆ ਹੈ ਕਿ 9 ਕਰੋੜ ਔਰਤਾਂ ਦੀ ਸਹਾਇਤਾ ਕੀਤੀ ਗਈ ਹੈ, ਜਿਸ ਵਿਚੋਂ ਇਕ ਕਰੋੜ ਔਰਤਾਂ ਨੂੰ ਲੱਖਪਤੀ ਦੀਦੀ ਬਣਾਇਆ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿਚ 3 ਕਰੋੜ ਔਰਤਾਂ ਨੂੰ ਲੱਖਪਤੀ ਦੀਦੀ ਬਣਾਇਆ ਜਾਵੇਗਾ ਪਰ ਅੱਜ ਦੇ ਯੁੱਗ ਵਿਚ ਇੱਕ ਲੱਖ ਰੁਪਏ ਦੀ ਕੋਈ ਖਾਸ ਮਹੱਤਤਾ ਨਹੀਂ ਹੈ। ਪਰ ਫਿਰ ਵੀ ਔਰਤਾਂ ਦੇ ਸਸ਼ਕਤੀਕਰਨ ਲਈ ਕੀਤੇ ਉੱਦਮਾਂ ਨੂੰ ਸਲਾਹਿਆ ਜਾਣਾ ਚਾਹੀਦਾ ਹੈ। ਇਸ ਬਜਟ ਵਿਚ ਇਹ ਜਾਣਕਾਰੀ ਵੀ ਦਿੱਤੀ ਗਈ ਹੈ ਕਿ ਸਰਕਾਰ ਦੇ ਸਕਿੱਲ ਇੰਡੀਆ ਮਿਸ਼ਨ ਅਧੀਨ 1.4 ਕਰੋੜ ਲੋਕਾਂ ਨੂੰ ਲਾਭ ਦਿੱਤਾ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿਚ 3000 ਹੋਰ ਆਈ.ਟੀ.ਆਈਜ਼ ਖੋਲ੍ਹੀਆਂ ਜਾਣਗੀਆਂ, ਨਵੇਂ ਬਣਨ ਵਾਲੇ ਘਰਾਂ ਵਿਚੋਂ 76 ਲੱਖ ਔਰਤਾਂ ਨੂੰ ਪੀ.ਐੱਮ. ਆਵਾਸ ਯੋਜਨਾ ਦਾ ਲਾਭ ਪਹੁੰਚਾਇਆ ਜਾਵੇਗਾ।

ਇਸ ਬਜਟ ਵਿਚ ਮਨਰੇਗਾ ਲਈ ਇਕ ਲੱਖ ਕਰੋੜ ਰੁਪਏ ਦੇ ਬਜਟ ਰੱਖਣ ਦਾ ਅਨੁਮਾਨ ਦੱਸਿਆ ਗਿਆ ਹੈ, ਜਿਹੜਾ ਸਲਾਹੁਣਯੋਗ ਹੈ, ਕਿਉਂ ਜੋ ਪਹਿਲਾਂ ਤੋਂ ਚੱਲ ਰਹੀ ਇਸ ਸਕੀਮ ਨੇ ਪੇਂਡੂ ਖੇਤਰ ਵਿਚ ਰੁਜ਼ਗਾਰ ਅਤੇ ਆਮਦਨ ਵਧਾਉਣ ਵਿਚ ਵੱਡਾ ਯੋਗਦਾਨ ਪਾਇਆ ਹੈ, ਇਸ ਤੋਂ ਇਲਾਵਾ ਸਵੈ-ਰੁਜ਼ਗਾਰ ਪੈਦਾ ਕਰਨ ਲਈ 3.4 ਲੱਖ ਕਰੋੜ ਰੁਪਏ ਦੀ ਤਜਵੀਜ਼ ਹੈ ਪਰ ਕਈ ਬਿਆਨ ਜਿਸ ਤਰ੍ਹਾਂ ਭਾਰਤ 2047 ਵਿਚ ਇਕ ਵਿਕਸਿਤ ਦੇਸ਼ ਬਣ ਜਾਵੇਗਾ ਅਤੇ ਜਿਹੜਾ ਪੂਰਬੀ ਯੂਰਪ ਆਰਥਿਕ ਕਾਰੀਡੋਰ, ਜਿਸ ਨੂੰ ਭਾਰਤ ਦੀ ਧਰਤੀ ਤੋਂ ਸ਼ੁਰੂ ਕਰਨਾ ਹੈ, ਉਸ ਦੇ ਆਉਣ ਵਾਲੇ 100 ਸਾਲਾਂ ਵਿਚ ਲਾਭ ਮਿਲਣਗੇ, ਇਸ ਤਰ੍ਹਾਂ ਦੇ ਬਿਆਨ ਹਨ, ਜਿਹੜੇ ਕਲਪਨਾ 'ਤੇ ਆਧਾਰਿਤ ਹਨ ਅਤੇ ਜਿਨ੍ਹਾਂ ਦਾ ਅਸਲ ਸੱਚਾਈ ਨਾਲ ਕੋਈ ਸੰਬੰਧ ਨਹੀਂ, ਉਨ੍ਹਾਂ ਨੂੰ ਬਜਟ ਵਿਚ ਸ਼ਾਮਿਲ ਕਰਨ ਦਾ ਕੋਈ ਮੰਤਵ ਨਹੀਂ ਰੱਖਦਾ। ਬਜਟ ਵਿਚ 80 ਕਰੋੜ ਲੋਕਾਂ ਨੂੰ ਮੁਫਤ ਰਾਸ਼ਨ ਦੇਣ ਬਾਰੇ ਵਿਆਖਿਆ ਕੀਤੀ ਗਈ ਹੈ। ਭਾਵੇਂ ਸਾਰੀ ਦੁਨੀਆਂ ਵਿਚ ਭਾਰਤ ਹੀ ਇਕ ਉਹ ਦੇਸ਼ ਹੈ, ਜਿਥੇ ਏਨੀ ਵੱਡੀ ਗਿਣਤੀ ਵਿਚ ਮੁਫਤ ਰਾਸ਼ਨ ਦੀ ਵਿਵਸਥਾ ਹੈ ਪਰ ਇਹ ਤਾਂ ਪਿਛਲੇ ਕਾਫੀ ਸਮੇਂ ਤੋਂ ਚੱਲ ਰਹੀ ਸਕੀਮ ਹੈ। ਇਸ ਦਾ ਬਜਟ ਨਾਲ ਕੀ ਸੰਬੰਧ ਹੈ, ਇਸ ਦੀ ਕੋਈ ਸਮਝ ਨਹੀਂ ਆਉਂਦੀ।

ਇਸ ਬਜਟ ਵਿਚ ਮੈਡੀਕਲ ਕਾਲਜ ਖੋਲ੍ਹਣ ਸੰਬੰਧੀ ਇਕ ਕਮੇਟੀ ਅਤੇ ਵਸੋਂ ਸੰਬੰਧੀ ਇਕ ਕਮੇਟੀ ਬਣਾਉਣ ਦੀ




ਵਿਆਖਿਆ ਕੀਤੀ ਗਈ ਹੈ ਭਾਵੇਂ ਕਿ ਇਹ ਦੋਵੇਂ ਮੱਦਾਂ ਹੀ ਬਹੁਤ ਜ਼ਰੂਰੀ ਹਨ, ਖਾਸ ਕਰਕੇ ਤੇਜ਼ੀ ਨਾਲ ਵਧਦੀ ਹੋਈ ਵਸੋਂ ਸੰਬੰਧੀ ਚਿੰਤਤ ਹੋਣ ਦੀ ਲੋੜ ਹੈ ਪਰ ਇਸ ਬਜਟ ਨਾਲ ਤਾਂ ਇਨ੍ਹਾਂ ਕਮੇਟੀਆਂ ਦਾ ਕੋਈ ਸੰਬੰਧ ਨਹੀਂ, ਫਿਰ ਇਨ੍ਹਾਂ ਕਮੇਟੀਆਂ ਨੇ ਕਿਵੇਂ ਉਸਾਰੂ ਕੰਮ ਕਰਨੇ ਹਨ, ਉਸ ਦੀ ਕੋਈ ਵਿਆਖਿਆ ਨਹੀਂ ਕੀਤੀ ਗਈ। 78 ਲੱਖ ਹਾਕਰਾਂ ਲਈ ਜਿਹੜੀ ਸਸਤੇ ਕਰਜ਼ੇ ਦੀ ਵਿਵਸਥਾ ਕੀਤੀ ਗਈ ਸੀ, ਇਸ ਬਜਟ ਵਿਚ ਉਸ ਬਾਰੇ ਦੱਸਿਆ ਗਿਆ ਹੈ। ਪਰ ਉਹ ਵੀ ਬਜਟ ਦਾ ਭਾਗ ਨਹੀਂ ਬਣ ਸਕਦਾ, ਇਸ ਦੇ ਨਾਲ ਹੀ ਜਿਹੜੇ 34 ਕਰੋੜ ਲੋਕਾਂ ਨੂੰ ਸਿੱਧੇ ਲਾਭ ਦੀ ਸਬਸਿਡੀ ਦਿੱਤੀ ਜਾ ਰਹੀ ਹੈ, ਉਹ ਤਾਂ ਪਹਿਲਾਂ ਤੋਂ ਚੱਲ ਰਹੀ ਇਕ ਰਾਹਤ ਹੈ, ਨਵੇਂ ਬਜਟ ਦਾ ਹਿੱਸਾ ਨਹੀਂ ਖਾਸ ਕਰਕੇ ਅੰਤਰਿਮ ਬਜਟ ਨਾਲ ਤਾਂ ਕਿਸੇ ਤਰ੍ਹਾਂ ਵੀ ਸੰਬੰਧਿਤ ਨਹੀਂ। ਇਸ ਬਜਟ ਵਿੱਚ 9 ਤੋਂ 14 ਸਾਲ ਤੱਕ ਦੀਆਂ ਲੜਕੀਆਂ ਲਈ ਮੁਫਤ ਟੀਕਾਕਰਨ ਅਤੇ ਕੈਂਸਰ ਦੀ ਬਿਮਾਰੀ ਦੀ ਰੋਕਥਾਮ ਲਈ ਕੀਤੇ ਯਤਨਾਂ ਦੀ ਜਾਣਕਾਰੀ ਵੀ ਦਿੱਤੀ ਗਈ ਹੈ।

ਬਜਟ ਦੀ ਵਿਆਖਿਆ ਅਤੇ ਅਸਲੀਅਤ ਵਿਚ ਕਈ ਥਾਵਾਂ 'ਤੇ ਆਪਾ ਵਿਰੋਧੀ ਵਿਚਾਰ ਹਨ। ਜਿਸ ਤਰ੍ਹਾਂ ਬਜਟ ਵਿਚ ਦੱਸਿਆ ਗਿਆ ਹੈ ਕਿ ਪਿਛਲੇ ਸਮੇਂ ਵਿਚ ਆਮ ਵਿਅਕਤੀ ਦੀ ਆਮਦਨ ਵਿਚ 50 ਫੀਸਦੀ ਦਾ ਵਾਧਾ ਹੋਇਆ ਹੈ ਪਰ ਆਮਦਨ ਟੈਕਸ ਦੇਣ ਵਾਲਿਆਂ ਦੀ ਗਿਣਤੀ ਵਿਚ ਸਿਰਫ 3 ਫੀਸਦੀ ਦਾ ਹੀ ਵਾਧਾ ਹੋਇਆ ਹੈ। ਮਹਿੰਗਾਈ ਨਾਲ ਉਸ ਵਧੀ ਆਮਦਨ ਦੇ ਅਨੁਪਾਤ ਦਾ ਮੁਕਾਬਲਾ ਕਰੀਏ ਤਾਂ ਇਨ੍ਹਾਂ ਤੱਥਾਂ 'ਤੇ ਸ਼ੰਕੇ ਪੈਦਾ ਹੁੰਦੇ ਹਨ। ਵਿਦੇਸ਼ੀ ਮੁਦਰਾ ਦੇ ਨਿਵੇਸ਼ ਦਾ ਜ਼ਿਕਰ ਕਰਦਿਆਂ 596 ਅਰਬ ਡਾਲਰ ਨਿਵੇਸ਼ ਦਾ ਜ਼ਿਕਰ ਕੀਤਾ ਗਿਆ ਹੈ ਪਰ ਇਹ ਵੀ ਪਿਛਲੇ ਸਮੇਂ ਦਾ ਹੋਇਆ ਨਿਵੇਸ਼ ਹੀ ਹੈ।

ਇਹ ਬਜਟ ਵਿਚ ਰੱਖਿਆ 'ਤੇ ਹੋਣ ਵਾਲੇ ਖਰਚ ਵਿਚ ਵਾਧਾ ਕਰਕੇ 11 ਲੱਖ 11 ਹਜ਼ਾਰ 111 ਕਰੋੜ ਦੇ ਖਰਚ ਦਾ ਅਨੁਮਾਨ ਦੱਸਿਆ ਗਿਆ ਹੈ। ਇਸ ਬਜਟ ਵਿਚ ਮਹਿੰਗਾਈ ਨੂੰ ਰੋਕਣ ਸੰਬੰਧੀ ਬਾਹਰ ਤੋਂ ਆਉਣ ਵਾਲੀਆਂ ਵਸਤੂਆਂ ਦੀ ਦਰਾਮਦ ਘਟਾਉਣ ਦੀ ਗੱਲ ਬਾਰੇ ਤਾਂ ਦੱਸਿਆ ਗਿਆ ਹੈ ਪਰ ਦਰਾਮਦ ਡਿਊਟੀ ਘਟਾਉਣ ਬਾਰੇ ਨਹੀਂ ਦੱਸਿਆ ਗਿਆ ਹੈ ਜਿਸ ਨਾਲ ਮਹਿੰਗਾਈ ਘਟ ਸਕਦੀ ਹੈ। ਉਸ ਦੀ ਵਿਆਖਿਆ ਨਹੀਂ ਕੀਤੀ ਗਈ। ਇਸ ਬਜਟ ਵਿਚ 75 ਹਜ਼ਾਰ ਕਰੋੜ ਰੁਪਏ ਰਾਜਾਂ ਨੂੰ ਵਿਆਜ ਮੁਕਤ ਕਰਜ਼ਾ ਦੇਣ ਦੀ ਵਿਵਸਥਾ ਕੀਤੀ ਗਈ ਹੈ, ਜੋ ਸਲਾਹੁਣਯੋਗ ਹੈ ਅਤੇ ਸਮੇਂ ਦੀ ਲੋੜ ਹੈ, ਕਿਉਂ ਜੋ ਬਹੁਤ ਸਾਰੇ ਰਾਜ ਵੱਡੇ ਕਰਜ਼ੇ ਦਾ ਬੋਝ ਉਠਾ ਰਹੇ ਹਨ, ਜਿਸ ਕਰਕੇ ਰਾਜਾਂ ਦੇ ਵਿਕਾਸ ਪ੍ਰਭਾਵਿਤ ਹੋ ਰਹੇ ਹਨ, ਜੇ ਉਨ੍ਹਾਂ ਰਾਜਾਂ ਨੂੰ ਵਿਆਜ ਮੁਕਤ ਕਰਜ਼ਾ ਮਿਲ ਜਾਵੇ ਤਾਂ ਇਹ ਉਨ੍ਹਾਂ ਲਈ ਵੱਡੀ ਰਾਹਤ ਹੋ ਸਕਦੀ ਹੈ।

ਇਸ ਅੰਤਰਿਮ ਬਜਟ 'ਤੇ ਨਜ਼ਰ ਮਾਰਨ ਤੋਂ ਬਾਅਦ ਇਹ ਗੱਲ ਸਾਹਮਣੇ ਸਪੱਸ਼ਟ ਹੁੰਦੀ ਹੈ ਕਿ ਇਸ ਬਜਟ ਵਿਚ ਸਿਰਫ ਕੁਝ ਸਕੀਮਾਂ ਅਤੇ ਭਵਿੱਖ ਦੀ ਯੋਜਨਾਬੰਦੀ ਦੀ ਵਿਆਖਿਆ ਕੀਤੀ ਗਈ ਹੈ ਅਤੇ ਇਸ ਵਿਚ ਕੋਈ ਦਿਸ਼ਾ ਨਜ਼ਰ ਨਹੀਂ ਆਉਂਦੀ ਅਤੇ ਨਾ ਹੀ ਆਮ ਆਦਮੀ ਲਈ ਕੋਈ ਬਹੁਤੀ ਰਾਹਤ ਹੈ।



ਡਾ. ਰਣਜੀਤ ਸਿੰਘ

# ਬਹੁਭਾਂਤੀ ਖੇਤੀ ਦੇ ਨਾਲ ਰੁਜ਼ਗਾਰ ਦੇ ਵਸੀਲੇ ਵਿਕਸਿਤ ਕਰੀਏ

ਮੌਜੂਦਾ ਸਰਕਾਰ ਨੇ ਖੇਤੀ ਦੇ ਵਿਕਾਸ ਲਈ ਉੱਚਪੱਧਰੀ ਕਮੇਟੀ ਬਣਾਈ ਸੀ। ਸਾਲ ਤੋਂ ਵਧ ਸਮੇਂ ਦੀ ਮਿਹਨਤ ਪਿੱਛੋਂ ਪਤਾ ਲਗਾ ਹੈ ਕਿ ਕਮੇਟੀ ਨੇ ਆਪਣੀ ਰਿਪੋਰਟ ਮੁੱਖ ਮੰਤਰੀ ਨੂੰ ਪੇਸ਼ ਕਰ ਦਿੱਤੀ ਹੈ। ਪਹਿਲਾਂ ਵੀ ਜਦੋਂ ਕੋਈ ਨਵੀਂ ਸਰਕਾਰ ਆਈ ਖੇਤੀ ਨੀਤੀ ਬਨਾਉਣ ਲਈ ਮਾਹਿਰਾਂ ਦੀਆਂ ਕਮੇਟੀਆਂ ਬਣਾਈਆਂ ਜਾਂਦੀਆਂ ਰਹੀਆਂ ਹਨ। ਪਰ ਕਮੇਟੀ ਦੀ ਸਿਫਾਰਿਸ਼ਾਂ ਇਤਨੀਆਂ ਮਹਿੰਗੀਆਂ ਸਨ ਕਿ ਕਿਸੇ ਵੀ ਸਰਕਾਰ ਨੇ ਉਨ੍ਹਾਂ ਨੂੰ ਲਾਗੂ ਕਰਨ ਦੀ ਹਿੰਮਤ ਨਹੀਂ ਕੀਤੀ। ਇੰਝ ਜਾਪਦਾ ਹੈ ਕਿ ਮੌਜੂਦਾ ਰਿਪੋਰਟ ਦਾ ਵੀ ਸ਼ਾਇਦ ਇਹੋ ਹੀ ਹਸ਼ਰ ਹੋਵੇਗਾ। ਮੁੱਖ ਸਮੱਸਿਆ ਕਣਕ-ਝੋਨੇ ਦੇ ਫਸਲ ਚੱਕਰ ਵਿਚੋਂ ਕੁਝ ਰਕਬਾ ਕੱਢ ਕੇ ਦੂਜੀਆਂ ਫਸਲਾਂ ਹੇਠ ਲੈ ਕੇ ਆਉਣਾ ਹੈ। ਸਾਰੇ ਮਾਹਿਰ ਮੰਨਦੇ ਹਨ ਕਿ ਕਣਕ-ਝੋਨੇ ਦੇ ਫਸਲੀ ਚੱਕਰ ਵਿਚੋਂ ਵੱਧ ਤੋਂ ਵੱਧ 10 ਲੱਖ ਹੈਕਟੇਰ ਰਕਬਾ ਹੀ ਕੱਢਿਆ ਜਾ ਸਕਦਾ ਹੈ। ਇਸ ਨਾਲ ਮੰਨਿਆ ਜਾਂਦਾ ਹੈ ਕਿ ਧਰਤੀ ਹੇਠਲੇ ਪਾਣੀ ਦੀ ਬਚਤ ਹੋਵੇਗੀ। ਇੱਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਪੰਜਾਬ ਵਿਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ। ਕੋਈ ਕਿਸਾਨ ਵੀ ਆਪਣੀ ਧਰਤੀ ਨੂੰ ਇਕ ਫਸਲ ਲਈ ਖਾਲੀ ਛੱਡਣ ਦਾ ਹੌਸਲਾ ਨਹੀਂ ਕਰ ਸਕਦਾ ਹੈ। ਕੋਈ ਸਮਾਂ ਸੀ ਕਿ ਸਾਉਣੀ ਵਿਚ ਬਹੁਤ ਘਟ ਰਕਬੇ ਵਿਚ ਫਸਲਾਂ ਬੀਜੀਆਂ ਜਾਂਦੀਆਂ ਸਨ। ਇਸ ਦਾ ਮੁੱਖ ਕਾਰਨ ਸਿੰਚਾਈ ਦੇ ਵਸੀਲਿਆਂ ਦੀ ਘਾਟ ਸੀ।

ਹੁਣ ਜਦੋਂ ਸਿੰਚਾਈ ਸਹੂਲਤਾਂ ਪ੍ਰਾਪਤ ਹਨ ਅਤੇ ਪਾਣੀ ਮੁਫਤ ਹੀ ਮਿਲ ਰਿਹਾ ਹੈ ਤਾਂ ਹਰੇਕ ਕੋਈ ਇਸ ਦਾ ਫਾਇਦਾ ਉਠਾਉਣਾ ਚਾਹੇਗਾ। ਪਾਣੀ ਦੀ ਬੱਚਤ ਲਈ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਵੱਧ ਤੋਂ ਵੱਧ ਰਕਬੇ ਨੂੰ ਨਹਿਰੀ ਪਾਣੀ ਨਾਲ ਸਿੰਜਿਆ ਜਾਵੇ ਅਤੇ ਬਰਸਾਤ ਦੇ ਪਾਣੀ ਨੂੰ ਧਰਤੀ ਹੇਠ ਭੇਜਣ ਦੇ ਯਤਨ ਸੰਜੀਦਗੀ ਨਾਲ ਕੀਤੇ ਜਾਣ। ਇਸ ਦੇ ਨਾਲ ਹੀ ਸੀਵਰੇਜ ਅਤੇ ਫੈਕਟਰੀਆਂ ਦੇ ਗੰਦੇ ਪਾਣੀ ਨੂੰ ਦਰਿਆਵਾਂ ਵਿਚ ਪਾਉਣ ਦੀ ਥਾਂ ਸਾਫ ਕਰਕੇ ਸਿੰਚਾਈ ਲਈ ਵਰਤਿਆ ਜਾਵੇ। ਪੰਜਾਬ ਵਿਚ ਨੀਤੀ ਦੇ ਨਾਲੋ ਨਾਲ ਨੀਅਤ ਦੀ ਵੀ ਲੋੜ ਹੈ। ਨੀਤੀਆਂ ਤਾਂ ਸਾਰੀਆਂ ਰਾਜਸੀ ਪਾਰਟੀਆਂ ਅਤੇ ਮਾਹਿਰ ਘੜਦੇ ਹਨ ਪਰ ਇਨ੍ਹਾਂ ਨੂੰ ਅਮਲੀ ਰੂਪ ਦੇਣ ਦੇ ਯਤਨ ਬਹੁਤ ਘਟ ਕੀਤੇ ਜਾਂਦੇ ਹਨ। ਮਿਸਾਲ ਵਜੋਂ ਪਿਛਲੇ ਸਾਲ ਨੂੰ ਭਾਰਤ ਦੇ ਸੁਝਾਵ ਉੱਤੇ ਮੋਟੇ ਅਨਾਜਾਂ ਦੇ ਵਰ੍ਹੇ ਦੇ ਰੂਪ ਵਿਚ ਮਨਾਇਆ ਗਿਆ ਪਰ ਪੰਜਾਬ ਵਿਚ 100 ਹੈਕਟੇਅਰ ਧਰਤੀ ਵਿਚ ਵੀ ਮੋਟੇ ਅਨਾਜਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਨਹੀਂ ਕੀਤਾ ਗਿਆ ਹਾਲਾਂਕਿ ਬਾਜਰੇ ਦੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਸੀ। ਇਸੇ ਤਰ੍ਹਾਂ ਹਾੜੀ ਵਿਚ ਜਵੀਂ ਦੀ ਦਾਣਿਆਂ ਦੀ ਖੇਤੀ ਨੂੰ ਉਤਸ਼ਾਹਿਤ ਨਹੀਂ ਕੀਤਾ ਗਿਆ। ਪੰਜਾਬ ਕਈ ਕਾਰਪੋਰੇਸ਼ਨ ਇਨ੍ਹਾਂ ਦੀ ਖਰੀਦ ਕਰ ਸਕਦੀਆਂ ਹਨ।

ਸਾਡੀ ਨਵੀਂ ਪੀੜ੍ਹੀ ਖੇਤੀ ਤੋਂ ਮੁੱਖ ਮੋੜ ਰਹੀ ਹੈ ਅਤੇ ਕਿਰਤ ਤੋਂ ਨਾਤਾ ਤੋੜ ਰਹੀ ਹੈ। ਕਿਸੇ ਵੀ ਸਰਕਾਰ, ਰਾਜਸੀ ਪਾਰਟੀ, ਧਾਰਮਿਕ ਆਗੂਆਂ ਅਤੇ ਸਮਾਜ ਸੇਵਕਾਂ ਦਾ ਇਸ ਪਾਸੇ ਧਿਆਨ ਨਹੀਂ ਹੈ।

ਪੰਜਾਬ ਵਿਚ ਜਿਸ ਤੇਜ਼ੀ ਨਾਲ ਖੇਤੀ ਵਿਕਾਸ ਹੋਇਆ ਸੀ ਉਸ ਦੀ ਮਿਸਾਲ ਸੰਸਾਰ ਵਿਚ ਹੋਰ ਕਿਧਰੇ ਨਹੀਂ ਮਿਲਦੀ। ਪੰਜਾਬੀ ਕਿਸਾਨ ਨੇ ਕੇਵਲ ਦੇਸ਼ ਵਿਚੋਂ ਭੁੱਖਮਰੀ ਨੂੰ ਹੀ ਦੂਰ ਨਹੀਂ ਕੀਤਾ ਸਗੋਂ ਦੇਸ਼ ਨੂੰ ਵਾਧੂ ਅਨਾਜ ਵਾਲਾ ਬਣਾ ਦਿੱਤਾ। ਇਸ ਇਨਕਲਾਬ ਨੂੰ ਸਿਰਜਣ ਵਿਚ ਤਿੰਨਾਂ ਧਿਰਾਂ ਨੇ ਬਰਾਬਰ ਦਾ ਯੋਗਦਾਨ ਪਾਇਆ ਸੀ, ਨਵੀਂ ਤਕਨਾਲੋਜੀ, ਕਿਸਾਨ ਅਤੇ ਸਰਕਾਰਾਂ ਤਿੰਨਾਂ ਨੇ ਹੀ ਆਪਣੀ ਭੂਮਿਕਾ ਨੂੰ ਬਾਖੂਬੀ ਨਿਭਾਇਆ ਸੀ। ਪਿਛਲੇ ਕੋਈ ਚਾਰ ਦਹਕਿਆਂ ਤੋਂ ਪੰਜਾਬ ਦੀ ਖੇਤੀ ਵਿਚ ਖੜੋਤ ਆ ਗਈ ਹੈ। ਕਣਕ-ਝੋਨਾ ਹੀ ਇੱਥੋਂ ਦੀ ਮੁੱਖ ਫਸਲ ਚੱਕਰ ਬਣ ਗਿਆ ਹੈ। ਇਹ ਦੋਵੇਂ ਅਜਿਹੀਆਂ ਫਸਲਾਂ ਹਨ ਜਿਨ੍ਹਾਂ ਵਿਚ ਖਤਰਾ ਸਭ ਤੋਂ ਘੱਟ ਹੈ ਤੇ ਕੁਝ ਨਵਾਂ ਕਰਨ ਦੀ ਗੁੰਜਾਇਸ਼ ਵੀ ਨਹੀਂ ਹੈ। ਇਨ੍ਹਾਂ ਫਸਲਾਂ ਨੂੰ ਹੁਣ ਕਾਮੇ ਹੀ ਬੀਜਦੇ ਹਨ ਤੇ ਕਾਮੇ ਹੀ ਵੱਢਦੇ ਹਨ, ਕਿਸਾਨ ਤਾਂ ਕੇਵਲ ਮੰਡੀ ਵਿਚੋਂ ਵਸੂਲਣ ਹੀ ਜਾਂਦਾ ਹੈ। ਇੰਝ ਸਾਰਾ ਸਾਲ ਖੇਤਾਂ ਵਿਚ ਉਸ ਦੇ ਕਰਨ ਨੂੰ ਕੋਈ ਖਾਸ ਕੰਮ ਨਹੀਂ ਹੈ ਕਿਉਂਕਿ ਹੁਣ ਤਾਂ ਟ੍ਰੈਕਟਰ ਚਲਾਉਣ ਵਿਚ ਵੀ ਕਾਮੇ ਮਾਹਿਰ ਹੋ ਗਏ ਹਨ ਤੇ ਉਹ ਟ੍ਰੈਕਟਰ ਉੱਤੇ ਬੈਠ ਖੁਸ਼ ਹੁੰਦੇ ਹਨ। ਸੰਸਾਰ ਦੇ ਸਭ ਤੋਂ ਮਿਹਨਤੀ ਤੇ ਹਿੰਮਤੀ ਸਮਝੇ ਜਾਂਦੇ ਪੰਜਾਬੀ ਕਿਸਾਨ ਹੁਣ ਖੇਤਾਂ ਤੋਂ ਦੂਰ ਹੋ ਰਹੇ ਹਨ। ਵਿਹਲ ਨੂੰ ਦੂਰ ਕਰਨ ਲਈ ਉਹ ਸ਼ਹਿਰ ਜਾਂਦੇ ਹਨ। ਸ਼ਹਿਰ ਜਾਣ ਲਈ ਮੋਟਰਸਾਇਕਲ ਚਾਹੀਦਾ ਹੈ। ਮੋਟਰਸਾਇਕਲ ਦਾ ਖਰਚ ਵੱਧ ਗਿਆ ਹੈ, ਸ਼ਹਿਰ ਵਿਚ ਚਾਹ ਪਾਣੀ ਵੀ ਪੀਣਾ ਪੈਂਦਾ ਹੈ ਤੇ ਮੁੜਦੀ ਵਾਰ ਰਾਹ ਵਾਲੇ ਠੇਕੇ ਤੋਂ ਬੋਤਲ ਵੀ ਖਰੀਦੀ ਜਾਂਦੀ ਹੈ। ਕਿਸਾਨ ਵਿਹਲਾ, ਖਰਚੀਲਾ ਤੇ ਨਸ਼ਈ ਬਣਦਾ ਜਾ ਰਿਹਾ ਹੈ।



ਸਰਕਾਰ ਵੱਲੋਂ ਖੇਤੀ ਵਿਕਾਸ ਲਈ ਪੂਰੇ ਉਤਸ਼ਾਹ ਨਾਲ ਯੋਗਦਾਨ ਪਾਇਆ ਗਿਆ ਸੀ। ਪਿੰਡਾਂ ਦੀਆਂ ਸੜਕਾਂ ਪੱਕੀਆਂ ਕੀਤੀਆਂ ਗਈਆਂ ਤੇ ਬਿਜਲੀ ਪਹੁੰਚਾਈ। ਟਿਊਬਵੈੱਲ ਲਗਾਉਣ ਲਈ ਕਰਜ਼ਾ ਤੇ ਬਿਜਲੀ ਮੁਫਤ ਦਿੱਤੀ। ਕਣਕ ਝੋਨੇ ਦੀ ਘੱਟੋ ਘੱਟ ਖਰੀਦ ਕੀਮਤ ਮਿੱਥੀ ਗਈ ਤੇ ਇਨ੍ਹਾਂ ਦੀ ਖਰੀਦ ਯਕੀਨੀ ਬਣਾਈ ਗਈ। ਰਸਾਇਣਿਕ ਖਾਦਾਂ ਉੱਤੇ ਰਿਆਇਤੀ ਤੇ ਹੋਰ ਕਈ ਸਹੂਲਤਾਂ ਦਿੱਤੀਆਂ ਗਈਆਂ। ਅਸੀਂ ਸਾਰੇ ਇਸੇ ਤੇ ਮਾਣ ਮਹਿਸੂਸ ਕਰਦੇ ਰਹੇ ਤੇ ਕਰ ਰਹੇ ਹਾਂ ਕਿ ਪੰਜਾਬ ਕੇਂਦਰੀ ਅੰਨ ਭੰਡਾਰ ਵਿਚ 60% ਕਣਕ ਤੇ 40% ਚੌਲ ਦੇ ਰਿਹਾ ਹੈ। ਇਹ ਕਿਸੇ ਨਹੀਂ ਸੋਚਿਆ ਕਿ ਖੇਤੀ ਵਿਚ ਵਿਕਾਸ ਦਰ ਵਿਚ ਤੇਜ਼ੀ ਨਾਲ ਹੋਏ ਵਾਧੇ ਨੂੰ ਬਰਕਰਾਰ ਰੱਖਣ ਲਈ ਭਵਿੱਖ ਯੋਜਨਾ ਦੀ ਲੋੜ ਹੈ। ਕਈ ਦਹਾਕਿਆਂ ਤੋਂ ਅਪਣਾਇਆ ਗਿਆ ਫਸਲ ਚੱਕਰ ਖੜੋਤ ਦਾ ਕਾਰਨ ਬਣ ਜਾਂਦਾ ਹੈ। ਪੰਜਾਬ ਦੀ ਖੇਤੀ ਦੀ ਵਿਕਾਸ ਦਰ ਦੋ ਪ੍ਰਤੀਸ਼ਤ ਤੋਂ ਵੀ ਘਟ ਗਈ ਹੈ। ਸਾਰੇ ਦੇਸ਼ ਦਾ ਮੋਹਰੀ ਸੂਬਾ ਹੁਣ ਸਭਨਾ ਤੋਂ ਪਿੱਛੇ ਰਹਿ ਗਿਆ ਹੈ। ਇਸ ਵਿਹਲ ਵਾਲੀ ਖੇਤੀ ਵਿਚ ਨਵੀਂ ਪੀੜੀ ਨੂੰ ਕੋਈ ਦਿਲਚਸਪੀ ਨਹੀਂ ਹੈ। ਉਨ੍ਹਾਂ ਅੱਗੇ ਖੇਤੀ ਅਤੇ ਸਹਾਇਕ ਧੰਦਿਆਂ ਦੀਆਂ ਚੁਣੌਤੀਆਂ ਖੜੀਆਂ ਕੀਤੀਆਂ ਹੀ ਨਹੀਂ ਗਈਆਂ। ਪਿੰਡਾਂ ਦੇ ਸਕੂਲਾਂ ਦੀ ਪੜ੍ਹਾਈ ਵਿਚ ਵੀ ਖੜੋਤ ਆਈ ਹੈ। ਇਸੇ ਕਾਰਨ ਉਹ ਉਚੇਰੀ ਤਕਨੀਕੀ ਸਿੱਖਿਆ ਤੋਂ ਪਿੱਛੇ ਰਹਿ ਗਏ ਹਨ। ਹੁਣ ਉਨ੍ਹਾਂ ਦੀ ਕੋਸ਼ਿਸ਼ ਕਿਸੇ ਨਾ ਕਿਸੇ ਢੰਗ ਨਾਲ ਵਿਦੇਸ਼ ਜਾਣ ਦੀ ਹੈ। ਜਿਹੜੇ ਸਫਲ ਨਹੀਂ ਹੁੰਦੇ ਉਹ ਆਪਣੀ ਨਿਰਾਸਤਾ ਦੂਰ ਕਰਨ ਲਈ ਨਸ਼ਿਆਂ ਦਾ ਸਹਾਰਾ ਲੈ ਰਹੇ ਹਨ।

ਪੰਜਾਬ ਇਸ ਸਮੇਂ ਵਿਕਾਸ ਦੇ ਸੰਕਟ ਵਿੱਚੋਂ ਗੁਜਰ ਰਿਹਾ ਹੈ। ਸਨਅੱਤੀ ਅਤੇ ਖੇਤੀ ਵਿਕਾਸ ਵਿਚ ਖੜੋਤ ਆ ਗਈ ਹੈ। ਇੰਝ ਆਖ ਲਿਆ ਜਾਵੇ ਕਿ ਪੰਜਾਬੀ ਕਿਰਦਾਰ ਹੀ ਬਦਲ ਰਿਹਾ ਹੈ ਤਾਂ ਕੋਈ ਅੱਤਕਥਨੀ ਨਹੀਂ ਹੋਵੇਗੀ। ਪੰਜਾਬ ਵਿਚ ਰੁਜ਼ਗਾਰ ਦੀ ਘਾਟ ਨਹੀਂ ਹੈ ਪਰ ਪੰਜਾਬੀ ਮੁੰਡੇ ਕੁੜੀਆਂ ਇਸ ਦੇ ਕਾਬਿਲ ਨਹੀਂ ਹਨ ਜਾਂ ਆਪਣੇ ਆਪ ਨੂੰ ਉੱਚਾ ਸਮਝ ਵੱਡੀਆਂ ਨੌਕਰੀਆਂ ਦੀ ਭਾਲ ਕਰਦੇ ਹਨ। ਪੰਜਾਬ ਵਿਚ ਇਸ ਸਮੇਂ ਬਹੁਤੇ ਸਨਅੱਤੀ ਕਾਮੇ ਦੂਜੇ ਸੂਬਿਆਂ ਤੋਂ ਆ ਕੇ ਕੰਮ ਕਰ ਰਹੇ ਹਨ। ਉਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ। ਥੋਹੜਾ ਬਹੁਤ ਪੜ੍ਹ ਕੇ ਦੁਕਾਨਾਂ ਤੇ ਸਟੋਰਾਂ ਵਿਚ ਵੀ ਉਹ ਹੀ ਨੌਕਰੀਆਂ ਕਰਦੇ ਹਨ। ਘਰਾਂ ਦਾ ਬਹੁਤਾ ਕੰਮ ਵੀ ਉਨ੍ਹਾਂ ਦੇ ਜ਼ੁੰਮੇ ਹੀ ਹੈ। ਖੇਤੀ ਦੇ ਕੰਮ ਦੇ ਦੇਖਭਾਲ ਵੀ ਉਹ ਕਰਨ ਲਗ ਪਏ ਹਨ। ਲੋੜ ਪੈਣ ਉੱਤੇ ਮਜ਼ਦੂਰਾਂ ਦੀ ਸਹਾਇਤਾ ਲੈਣੀ ਬੁਰਾ ਨਹੀਂ ਹੈ ਪਰ ਸਾਰਾ ਕੁਝ ਉਨ੍ਹਾਂ ਦੇ ਹਵਾਲੇ ਕਰਨਾਂ ਆਪਣੇ ਆਪ ਨੂੰ ਤਬਾਹ ਕਰਨ ਦੇ ਬਰਾਬਰ ਹੈ। ਅਸੀਂ ਆਪਣੇ ਬੱਚਿਆਂ ਨੂੰ ਅਖੌਤੀ ਅੰਗ੍ਰੇਜ਼ੀ ਸਕੂਲਾਂ ਵਿਚ ਪੜ੍ਹਾਉਣਾ ਸ਼ਾਨ ਸਮਝਦੇ ਹਾਂ। ਇੰਝ ਸਾਡੀ ਨਵੀਂ ਪੀੜ੍ਹੀ ਆਪਣੀ ਬੋਲੀ, ਵਿਰਾਸਤ, ਰਵਾਇਤੀ ਗਿਆਨ ਅਤੇ ਮੌਖਿਕ ਸੋਚ ਤੋਂ ਦੂਰ ਹੋ ਰਹੀ ਹੈ। ਉਹ ਜੀਵਨ ਸੇਧ ਪੱਛਮੀ ਰਿਵਾਇਤਾਂ ਤੋਂ ਲੈ ਰਹੇ ਹਨ। ਪੰਜਾਬ ਦੇ ਪੁਨਰ ਨਿਰਮਾਣ ਲਈ ਸਰਕਾਰ ਵਲੋਂ ਵਿਸ਼ੇਸ਼ ਯਤਨਾਂ ਦੀ ਲੋੜ ਹੈ। ਪਹਿਲ ਸਰਕਾਰੀ ਸਕੂਲਾਂ ਤੋਂ ਕੀਤੀ ਜਾਵੇ। ਇਨ੍ਹਾਂ ਨੂੰ ਨਿੱਜੀ ਸਕੂਲਾਂ ਦੇ ਹਾਣ ਦਾ ਹੀ ਨਹੀਂ ਸਗੋਂ ਵਧੀਆ ਬਣਾਇਆ ਜਾਵੇ। ਪਾਠਕ੍ਰਮ ਦਾ ਅਧਾਰ ਦੇਸੀ ਸੋਚ ਤੇ ਆਪਣੀ ਵਿਰਾਸਤ ਨੂੰ ਬਣਾਇਆ ਜਾਵੇ। ਖੇਤੀ ਖੜੋਤ ਨੂੰ ਤੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਇਸ ਸਮੇਂ ਪੰਜਾਬ ਦੀ ਖੇਤੀ ਲਈ ਡੇਅਰੀ ਫਾਰਮਿੰਗ ਤੇ ਸਬਜ਼ੀਆਂ ਦੀ ਕਾਸ਼ਤ ਸਭ ਤੋਂ ਵੱਧ ਢੁੱਕਵੇਂ ਬਦਲ ਹਨ। ਪੰਜਾਬੀ ਮੁਢਕਦੀਮ ਤੋਂ ਹੀ ਪਸ਼ੂ ਪਾਲਕ ਰਹੇ ਹਨ। ਦੁੱਧ ਦੀ ਵਰਤੋਂ ਸਾਰੇ ਸੰਸਾਰ ਵਿਚ ਸਭ ਤੋਂ ਵੱਧ ਪੰਜਾਬੀ ਹੀ ਕਰਦੇ ਹਨ। ਇਸੇ ਕਰਕੇ ਦੁੱਧ ਨੂੰ ਪੁੱਤਰ ਨਾਲ ਬਰਾਬਰੀ ਦਿੱਤੀ ਗਈ ਹੈ। ਹਰੇਕ ਪੰਜਾਬੀ ਪਰਿਵਾਰ ਦੁੱਧ ਤੇ ਪੁੱਤ ਲਈ ਲੋਚਦਾ ਹੈ। ਪੰਜਾਬ ਵਿਚ ਸਾਰੀ ਧਰਤੀ ਸੇਂਜੂ ਹੋਣ ਕਰਕੇ ਇੱਥੇ ਸਾਰਾ ਸਾਲ ਹਰਾ ਚਾਰਾ ਪ੍ਰਾਪਤ ਹੋ ਸਕਦਾ ਹੈ। ਹੁਣ ਵੀ ਦੇਸ਼ ਵਿਚ ਪੰਜਾਬ ਦੁੱਧ ਉਤਪਾਦਨ ਲਈ ਮੋਹਰੀ ਹੈ। ਚੰਗੇ ਧੰਦੇ ਨੂੰ ਵਿਉਪਾਰਿਕ ਪੱਧਰ ਉੱਤੇ ਵਿਕਸਤ ਕਰਨ ਲਈ ਮੁੜ ਤਿੰਨਾਂ ਧਿਰਾਂ ਦੇ ਯੋਗਦਾਨ ਦੀ ਲੋੜ ਹੈ। ਕਿਸਾਨ ਨੂੰ ਹੱਥੀਂ ਮਿਹਨਤ ਕਰਨੀ ਪਵੇਗੀ। ਸਵੇਰੇ ਸ਼ਾਮ ਆਪਣੇ ਪਸ਼ੂਆਂ ਨਾਲ ਗੱਲਾਂ ਕਰਨੀਆਂ ਪੈਣਗੀਆਂ ਤੇ ਉਨ੍ਹਾਂ ਦਾ ਬੱਚਿਆਂ ਵਾਂਗ ਧਿਆਨ ਰੱਖਣਾ ਪਵੇਗਾ। ਦੁੱਧ ਦੀ ਚੁਆਈ ਤੇ ਸਾਂਭ ਸੰਭਾਲ ਦਾ ਕੰਮ ਵੀ ਆਪਣੀ ਦੇਖ ਰੇਖ ਵਿਚ ਕਰਨਾ ਪਵੇਗਾ। ਦੂਜੀ ਲੋੜ ਤਕਨਾਲੋਜੀ ਦੀ ਹੈ। ਹੁਣ ਪੰਜਾਬ ਵਿਚ ਵੱਖਰੀ ਗੁਰੂ ਅੰਗਦ ਦੇਵ ਪਸ਼ੂ ਪਾਲਣ ਯੂਨੀਵਰਸਿਟੀ ਬਣ ਤਿਆਰ ਕਰਕੇ ਕਿਸਾਨਾਂ ਨੂੰ ਦੇਣ ਦਾ ਪ੍ਰਬੰਧ ਇਸੇ ਦੀ ਜ਼ੁੰਮੇਵਾਰੀ ਹੈ। ਪਸ਼ੂ ਪ੍ਰਬੰਧ ਦੇ ਵਿਗਿਆਨਕ ਢੰਗਾਂ ਦੀ ਕਿਸਾਨਾਂ ਤੇ ਕਿਸਾਨ ਬੀਬੀਆਂ ਨੂੰ ਸਿਖਲਾਈ ਦੇਣ ਦਾ ਪ੍ਰਬੰਧ ਵੀ ਇਸ ਨੇ ਹੀ ਕਰਨਾ ਹੈ। ਚਾਰਿਆਂ ਦੀਆਂ ਫਸਲਾਂ ਦੀਆਂ ਨਵੀਆਂ ਕਿਸਮਾਂ ਵਿਕਸਤ ਕਰਨਾ ਹੈ ਉਨ੍ਹਾਂ ਦੇ ਬੀਜ ਕਿਸਾਨਾਂ ਨੂੰ ਦੇਣਾ ਵੀ ਇਸੇ ਦੀ ਜ਼ੁੰਮੇਵਾਰੀ ਹੈ। ਸੰਬੰਧਿਤ ਮਹਿਕਮੇ ਯੂਨੀਵਰਸਿਟੀ ਨਾਲ ਸਹਿਯੋਗ ਕਰਕੇ ਵਾਜਬ ਕੀਮਤ ਉੱਤੇ ਕਿਸਾਨਾਂ ਨੂੰ ਪਸ਼ੂ ਵੇਚਣ ਦਾ ਪ੍ਰਬੰਧ ਕਰਨ। ਮਸਨੂਈ ਗਰਭਦਾਨ ਤੇ ਡਾਕਟਰੀ ਸਹੂਲਤਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਸਿਖਲਾਈ ਦਾ ਪ੍ਰਬੰਧ ਪਿੰਡਾਂ ਵਿਚ ਹੋਵੇ। ਕਿਸਾਨ ਦੇ ਡੰਗਰਾਂ ਦਾ ਬੀਮਾਂ ਸਰਕਾਰ ਦੀ ਜ਼ੁੰਮੇਵਾਰੀ ਬਣੇ ਅਤੇ ਦੁੱਧ ਦੀ ਵਾਜਬ ਕੀਮਤ ਦਿੱਤੀ ਜਾਵੇ। ਕਿਸਾਨਾਂ ਨੂੰ ਪਸ਼ੂ ਖੁਰਾਕ ਤੇ ਚਾਰੇ ਦੇ ਬੀਜ ਰਿਆਇਤੀ ਮੁੱਲ ਉੱਤੇ ਵੇਚੇ ਜਾਣ। ਅਮੂਲ ਵਾਂਕ ਵੇਰਕੇ ਦਾ ਨਾਮ ਵੀ ਵਿਸ਼ਵ ਪ੍ਰਸਿੱਧ ਬਣੇ ਤਾਂ ਜੋ ਇਸ ਦੇ ਪਦਾਰਥਾਂ ਦੀ ਵਿਕਰੀ ਲਈ ਕੋਈ ਦਿੱਕਤ ਨਾ ਆ ਸਕੇ।


ਇਸੇ ਤਰ੍ਹਾਂ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਵੀ ਤਿੰਨਾ ਹੀ ਧਿਰਾਂ ਦੀ ਜ਼ੁੰਮੇਵਾਰੀ ਬਣਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਬਜ਼ੀਆਂ ਦੀ ਕਾਸ਼ਤ ਅਤੇ ਇਨ੍ਹਾਂ ਦੇ ਪਦਾਰਥੀਕਰਨ ਸੰਬੰਧੀ ਖੋਜ ਨੂੰ ਪਹਿਲ ਦੇਣ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਯੂਨੀਵਰਸਿਟੀ ਨੂੰ ਇਸ ਕਾਰਜ ਲਈ ਲੋੜੀਂਦੀਆਂ ਮਾਇਕ ਸਹੂਲਤਾਂ ਦੇਵੇ। ਸਬਜ਼ੀਆਂ ਦੇ ਬੀਜ ਵੱਡੀ ਸਮੱਸਿਆ ਹੈ। ਪੰਜਾਬ ਸਰਕਾਰ ਤੇ ਯੂਨੀਵਰਸਿਟੀ ਨੂੰ ਰਲ ਕੇ ਸੁਧਰੀਆਂ ਕਿਸਮਾਂ ਦੇ ਬੀਜ ਤਿਆਰ ਕਰਨੇ ਚਾਹੀਦੇ ਹਨ। ਕਿਸਾਨਾਂ ਨੇ ਸਬਜ਼ੀਆਂ ਦੀ ਕਾਸ਼ਤ ਦੇ ਆਪਣੇ ਆਪ ਸਸਤੇ ਤੇ ਸੌਖੇ ਢੰਗ ਵਿਕਸਤ ਕੀਤੇ ਹਨ। ਇਨ੍ਹਾਂ ਤੋਂ ਪ੍ਰੇਰਨਾ ਲੈ ਕੇ ਯੂਨੀਵਰਸਿਟੀ ਖੋਜ ਨੂੰ ਅੱਗੇ ਤੋਰੇ। ਖਿੱਤੇ ਦੀ ਲੋੜ ਅਤੇ ਪੌਣ ਪਾਣੀ ਅਨੁਸਾਰ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਜਾਵੇ। ਵਿਕਰੀ ਲਈ ਕਿਸਾਨ ਆਪ ਰਲ ਕੇ ਯਤਨ ਕਰ ਸਕਦੇ ਹਨ ਤੇ ਸਰਕਾਰ ਵੀ ਇਸ ਪਾਸੇ ਯੋਗਦਾਨ ਪਾ ਸਕਦੀ ਹੈ। ਸਸਤਾ ਆਟਾ ਦਾਲ ਸਕੀਮ ਅਧੀਨ ਆਲੂ ਤੇ ਪਿਆਜ਼ ਵੀ ਸ਼ਾਮਿਲ ਕੀਤੇ ਜਾਵੇ। ਇੰਝ ਇਨ੍ਹਾਂ ਦੀ ਵਿਕਰੀ ਵਿੱਚ ਕੋਈ ਦਿੱਕਤ ਨਹੀਂ ਆਵੇਗੀ। ਪੰਜਾਬ ਦੀ ਸਬਜ਼ੀ ਖੁਸ਼ਕੀ ਦੇ ਰਸਤੇ ਯੋਰਪ ਤੱਕ ਪਹੁੰਚਾਈ ਜਾ ਸਕਦੀ ਹੈ। ਖਾੜੀ ਦੇ ਦੇਸ਼ ਵੀ ਵਧੀਆ ਮੰਡੀ ਹਨ। ਇਸ ਲਈ ਜ਼ਹਿਰਾਂ ਰਹਿਤ ਸਾਫ ਸੁਥਰੀ ਸਬਜ਼ੀ ਦੀ ਲੋੜ ਹੈ। ਜੇਕਰ ਕਾਸ਼ਤ ਇਕ ਪਿੰਡ ਜਾਂ ਇਲਾਕੇ ਦੇ ਕਿਸਾਨ ਆਪਣਾ ਉਤਪਾਦਕ ਗਰੁੱਪ ਬਣਾ ਕੇ ਕਰਨ ਤਾਂ ਕੇਵਲ ਵਿਕਰੀ ਦੀ ਹੀ ਸਹੂਲਤ ਨਹੀਂ ਹੋਵੇਗੀ ਸਗੋਂ ਖੇਤੀ ਲੋੜਾਂ ਦੀ ਸਾਂਝੇ ਤੌਰ ਉੱਤੇ ਖਰੀਦ ਕਰਨ ਨਾਲ ਸਸਤੀਆਂ ਅਤੇ ਸ਼ੁੱਧ ਪ੍ਰਾਪਤ ਹੋ ਸਕਣਗੀਆਂ। ਇੰਝ ਉਹ ਇਲਾਕਾ ਕਿਸੇ ਵਿਸ਼ੇਸ਼ ਸਬਜ਼ੀ ਦਾ ਕੇਂਦਰ ਬਣ ਜਾਵੇਗਾ ਅਤੇ ਵਿਉਪਾਰੀ ਆਪ ਕੇ ਪਿੰਡ ਵਿੱਚੋਂ ਖਰੀਦਦਾਰੀ ਕਰ ਲੈਣਗੇ।

ਪੰਜਾਬ ਵਿਚ ਛੋਟੇ ਕਿਸਾਨਾਂ ਦੀ ਬਹੁਗਿਣਤੀ ਹੈ। ਜਿਵੇਂ ਪਹਿਲਾਂ ਲਿਖਿਆ ਗਿਆ ਖੇਤੀ ਵਿਚ ਟੱਬਰ ਦੇ ਸਾਰੇ ਮੈਂਬਰਾਂ ਲਈ ਰੁਜ਼ਗਾਰ ਨਹੀਂ ਮਿਲਦਾ। ਇਸ ਵਿਹਲ ਦੀ ਸੁਚੱਜੀ ਵਰਤੋਂ ਅਤੇ ਆਮਦਨ ਦੇ ਵਾਧੇ ਲਈ ਘਰ ਦ ਘੱਟੋ ਘਟ ਇਕ ਮੈਂਬਰ ਨੂੰ ਬਾਹਰ ਕੰਮ ਕਰਨਾ ਪਵੇਗਾ। ਅੱਜ ਤੋਂ ਪੰਜਾਹ ਸਾਲ ਪਹਿਲਾਂ ਵੀ ਜਦੋਂ ਪਿੰਡਾਂ ਵਿਚ ਘਰ ਕੱਚੇ ਹੁੰਦੇ ਸਨ ਤਾਂ ਕੇਵਲ ਉਨ੍ਹਾਂ ਘਰਾਂ ਵਿਚ ਹੀ ਕੁੱਝ ਪੱਕੀਆਂ ਇੱਟਾਂ ਲੱਗੀਆਂ ਹੁੰਦੀਆਂ ਸਨ ਜਿਨ੍ਹਾਂ ਦਾ ਕੋਈ ਪਰਿਵਾਰ ਮੈਂਬਰ ਬਾਹਰ ਨੌਕਰੀ ਕਰਦਾ ਸੀ। ਇਹ ਨੌਕਰੀ ਆਮ ਕਰਕੇ ਫੌਜ ਦੀ ਹੁੰਦੀ ਸੀ। ਉਦੋਂ ਟੱਬਰ ਪਿੱਛੇ ਪਿੰਡ ਵਿਚ ਹੀ ਰੱਖਿਆ ਜਾਂਦਾ ਸੀ। ਇੰਝ ਘਰ ਦਾ ਖਰਚਾ ਪੂਰਾ ਹੋ ਜਾਂਦਾ ਸੀ। ਹੁਣ ਜਦੋਂ ਕੋਈ ਸ਼ਹਿਰ ਨੌਕਰੀ ਕਰਦਾ ਹੈ ਤਾਂ ਆਪਣਾ ਟੱਬਰ ਵੀ ਨਾਲ ਹੀ ਲੈ ਜਾਂਦਾ ਹੈ। ਘਰ ਪੈਸੇ ਭੇਜਣ ਦੀ ਥਾਂ ਸਗੋਂ ਆਪਣੇ ਹਿੱਸੇ ਵਿੱਚੋ ਪੈਸੇ ਮੰਗਦਾ ਹੈ। ਇਸ ਨਾਲ ਹਜ਼ਾਰਾਂ ਪਿੰਡ ਖਤਮ ਹੋ ਗਏ ਹਨ। ਇਨ੍ਹਾਂ ਪਿੰਡਾਂ ਵਿਚ ਹੁਣ ਕਦੇ ਬਣਾਏ ਗਏ ਫੋਕਲ ਕੇਂਦਰਾਂ ਨੂੰ ਮੁੜ ਸੁਰਜੀਤ ਕੀਤਾ ਜਾਵੇ। ਇੱਥੇ ਹੀ ਨਵੀਆਂ ਸਨਅਤਾਂ ਵਿਕਸਤ ਕੀਤੀਆਂ ਜਾਣ ਤਾਂ ਜੋ ਲਾਗਲੇ ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ। ਹੁਣ ਬਹੁਤੇ ਕਾਰਖਾਨੇ ਵੱਡੇ ਸ਼ਹਿਰਾਂ ਵਿਚ ਹੀ ਲੱਗ ਰਹੇ ਹਨ। ਲੁਧਿਆਣੇ ਮਾਨਸਾ ਤੋਂ ਆ ਕੇ ਨੌਕਰੀ ਨਹੀਂ ਕੀਤੀ ਜਾ ਸਕਦੀ ਹੈ। ਜਦੋਂ ਤਕ ਕਿਸਾਨਾਂ ਲਈ ਕੰਮ ਦਾ ਪ੍ਰਬੰਧ ਨਹੀਂ ਹੁੰਦਾ ਕਿਸਾਨਾਂ ਦਾ ਹੱਥ ਤੰਗ ਹੀ ਰਹੇਗਾ ਅਤੇ ਉਹ ਕਰਜ਼ੇ ਹੇਠ ਦੱਬੇ ਰਹਿਣਗੇ। ਪਿੰਡਾਂ ਦੀਆਂ ਪੰਚਾਇਤਾਂ ਅਤੇ ਧਾਰਮਿਕ ਆਗੂਆਂ ਦਾ ਵੀ ਫਰਜ਼ ਬਣਦਾ ਹੈ ਕਿ ਪਿੰਡ ਵਾਸੀਆਂ ਨੂੰ ਵਿਚਾਵੇ ਜਾਂ ਲੋਕਲਾਜ ਲਈ ਵਧ ਖਰਚ ਕਰਨ ਤੋਂ ਰੋਕਿਆ ਜਾਵੇ। ਪੰਜਾਬੀ ਸਭ ਤੋਂ ਵਧ ਖਰਚ ਵਿਖਾਵੇ ਉੱਤੇ ਕਰਦੇ ਹਨ। ਪੰਜਾਬ ਦੇ ਵਿਕਾਸ ਲਈ ਇਕ ਸਰਬਪੱਖੀ ਯੋਜਨਾ ਦੀ ਲੋੜ ਹੈ। ਇਕੱਲੇ ਦੁਕੱਲੇ ਉਪਰਾਲੇ ਕੋਈ ਵੱਧੀਆ ਜਾਂ ਚਿਰ ਸਥਾਈ ਨਤੀਜੇ ਪ੍ਰਦਾਨ ਨਹੀਂ ਕਰਦੇ। ਸਾਰਾ ਕੁਝ ਸਰਕਾਰ ਉੱਤੇ ਛੱਡਿਆਂ ਪੰਜਾਬ ਆਪਣੀਆਂ ਸਮੱਸਿਆਵਾਂ ਨੂੰ ਸੁਲਝਾ ਨਹੀਂ ਸਕੇਗਾ। ਇਸ ਵਿਚ ਲੋਕਾਂ ਨੂੰ ਆਪਣੀਆਂ ਕਮੇਟੀਆਂ ਬਣਾ ਕੇ ਅੱਗੇ ਆਉਣਾ ਪਵੇਗਾ। ਨਸ਼ਿਆਂ ਅਤੇ ਫ਼ਜ਼ੂਲ ਖਰਚੇ ਨੂੰ ਠੱਲ ਇਵੇਂ ਹੀ ਪਾਣੀ ਜਾ ਸਕਦੀ ਹੈ।




# ਫਸਲਾਂ ਦੇ ਮੁੱਲ ਦੀ ਆਲਮੀ ਗੂੰਜ

**ਬਹੁਤ ਸਾਰੇ ਯੂਰੋਪੀਅਨ ਮੁਲਕਾਂ ਦੀਆਂ ਰਾਜਧਾਨੀਆਂ ਵਿੱਚ ਕਿਸਾਨੀ ਦੀ ਮਿਸਾਲੀ ਰੋਸ ਮੁਜ਼ਾਹਰਿਆਂ ਦੀ ਗੂੰਜ ਪੈ ਰਹੀ ਹੈ । ਯੂਰੋਪ ਵਿਚ ਕਿਸਾਨ ਮੁਜ਼ਾਹਰਿਆਂ ਦੀ ਸ਼ੁਰੂਆਤ ਫਰਾਂਸ ਤੋਂ ਹੋਈ ਸੀ ਅਤੇ ਛੇਤੀ ਹੀ ਜਰਮਨੀ ਦੇ ਕਿਸਾਨ ਵੀ ਸੜਕਾਂ 'ਤੇ ਆ ਗਏ ਅਤੇ ਭੜਕੇ ਕਿਸਾਨਾਂ ਨੇ ਰਾਜਧਾਨੀ ਬਰਲਿਨ ਦੀਆਂ ਸੜਕਾਂ ਜਾਮ ਕਰ ਦਿੱਤੀਆਂ ਸਨ । ਹੁਣ ਫਿਰ ਫਰਾਂਸ ਵਿੱਚ ਰੋਸ ਮੁਜ਼ਾਹਰੇ ਸ਼ੁਰੂ ਹੋ ਗਏ ਜਿੱਥੇ ਕਿਸਾਨਾਂ ਨੇ ਆਪਣੇ ਟਰੈਕਟਰਾਂ ਨਾਲ ਪੈਰਿਸ ਦੀ ਘੇਰਾਬੰਦੀ ਕਰਨ ਦੀ ਚਿਤਾਵਨੀ ਦਿੱਤੀ ਸੀ । ਰੋਮਾਨੀਆ, ਨੈਦਰਲੈਂਡ, ਪੋਲੈਂਡ ਅਤੇ ਬੈਲਜ਼ੀਅਮ ਵਿੱਚ ਵੀ ਕਿਸਾਨ ਅੰਦੋਲਨ ਫੈਲ ਰਿਹਾ ਹੈ । ਤਾਜ਼ਾ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਸਪੇਨ ਦੇ ਕਿਸਾਨ ਵੀ ਇਸ ਅੰਦੋਲਨਕਾਰੀ ਕਿਸਾਨਾਂ ਵੱਲੋਂ ਆਵਾਜਾਈ ਠੱਪ ਕਰਕੇ ਸਰਕਾਰੀ ਇਮਾਰਤਾਂ ਦੁਆਲੇ ਖਾਦਾਂ ਦਾ ਛਿੜਕਾਅ ਕੀਤਾ ਜਾ ਰਿਹਾ ਹੈ ।**



**ਦਵਿੰਦਰ ਸ਼ਰਮਾ**

ਇਕ ਵਾਰ ਫਿਰ ਜਦੋਂ ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਕਿਸਾਨ ਦਿੱਲੀ ਦੀਆਂ ਸੜਕਾਂ 'ਤੇ ਰੋਸ ਮਾਰਚ ਦੀਆਂ ਤਿਆਰੀਆਂ ਵਿੱਚ ਜੁਟੇ ਹੋਏ ਹਨ ਤਾਂ ਬਹੁਤ ਸਾਰੇ ਯੂਰੋਪੀਅਨ ਮੁਲਕਾਂ ਦੀਆਂ ਰਾਜਧਾਨੀਆਂ ਵਿੱਚ ਕਿਸਾਨੀ ਦੀ ਮਿਸਾਲੀ ਰੋਸ ਮੁਜ਼ਾਹਰਿਆਂ ਦੀ ਗੂੰਜ ਪੈ ਰਹੀ ਹੈ । ਯੂਰੋਪ ਵਿਚ ਕਿਸਾਨ ਮੁਜ਼ਾਹਰਿਆਂ ਦੀ ਸ਼ੁਰੂਆਤ ਫਰਾਂਸ ਤੋਂ ਹੋਈ ਸੀ ਅਤੇ ਛੇਤੀ ਹੀ ਜਰਮਨੀ ਦੇ ਕਿਸਾਨ ਵੀ ਸੜਕਾਂ 'ਤੇ ਆ ਗਏ ਅਤੇ ਭੜਕੇ ਕਿਸਾਨਾਂ ਨੇ ਰਾਜਧਾਨੀ ਬਰਲਿਨ ਦੀਆਂ ਸੜਕਾਂ ਜਾਮ ਕਰ ਦਿੱਤੀਆਂ ਸਨ । ਹੁਣ ਫਿਰ ਫਰਾਂਸ ਵਿੱਚ ਰੋਸ ਮੁਜ਼ਾਹਰੇ ਸ਼ੁਰੂ ਹੋ ਗਏ ਜਿੱਥੇ ਕਿਸਾਨਾਂ ਨੇ ਆਪਣੇ ਟਰੈਕਟਰਾਂ ਨਾਲ ਪੈਰਿਸ ਦੀ ਘੇਰਾਬੰਦੀ ਕਰਨ ਦੀ ਚਿਤਾਵਨੀ ਦਿੱਤੀ ਸੀ । ਰੋਮਾਨੀਆ, ਨੈਦਰਲੈਂਡ, ਪੋਲੈਂਡ ਅਤੇ ਬੈਲਜ਼ੀਅਮ ਵਿੱਚ ਵੀ ਕਿਸਾਨ ਅੰਦੋਲਨ ਫੈਲ ਰਿਹਾ ਹੈ । ਤਾਜ਼ਾ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਸਪੇਨ ਦੇ ਕਿਸਾਨ ਵੀ ਇਸ ਅੰਦੋਲਨਕਾਰੀ ਕਿਸਾਨਾਂ ਵੱਲੋਂ ਆਵਾਜਾਈ ਠੱਪ ਕਰ ਕੇ ਸਰਕਾਰੀ ਇਮਾਰਤਾਂ ਦੁਆਲੇ ਖਾਦਾਂ ਦਾ ਛਿੜਕਾਅ ਕੀਤਾ ਜਾ ਰਿਹਾ ਹੈ । ਬਹੁਤ ਸਾਰੀਆਂ ਥਾਵਾਂ 'ਤੇ ਕਿਸਾਨਾਂ ਨੇ ਪੁਰਾਣੇ ਟਾਇਰਾਂ ਅਤੇ ਰਹਿੰਦ ਖੂੰਹਦ ਨੂੰ ਸਾੜਿਆ । ਇਸ ਤੋਂ ਇਲਾਵਾ ਦਰਾਮਦੀ ਖਾਧ ਖੁਰਾਕ ਵਾਲੇ ਵਾਹਨਾਂ ਨੂੰ ਰੋਕ ਕੇ ਵਸਤਾਂ ਸੜਕਾਂ 'ਤੇ ਰੋੜ੍ਹ ਦਿੱਤੀਆਂ ਗਈਆਂ ।

ਇਸ ਮੁੱਦੇ 'ਤੇ ਬ੍ਰੱਸਲਜ਼ ਵਿਖੇ ਯੂਰਪੀ ਪਾਰਲੀਮੈਂਟ ਵਿਚ ਬਹਿਸ ਦਾ ਆਗਾਜ਼ ਕਰਦਿਆਂ ਯੂਰਪੀ ਕਮਿਸ਼ਨ ਦੀ ਮੁਖੀ ਉਰਸਲਾ ਵੋਨ ਡੇਰ ਲੀਯਨ ਨੇ ਇਹ ਗੱਲ ਪ੍ਰਵਾਨ ਕੀਤੀ ਹੈ ਕਿ ਯੂਰਪੀ ਸੰਘ ਦੇ ਮੈਂਬਰ ਦੇਸ਼ਾਂ ਦੇ ਕਿਸਾਨਾਂ ਅੰਦਰ ਬੇਚੈਨੀ ਅਤੇ ਮਾਯੂਸੀ ਪਾਈ ਜਾ ਰਹੀ ਹੈ । ਉਨ੍ਹਾਂ ਕਿਹਾ, ''ਅਸੀਂ ਸਾਰੇ ਇਕਮੱਤ ਹਾਂ ਕਿ ਬੇਸ਼ੱਕ ਚੁਣੌਤੀਆਂ ਵਧਦੀਆਂ ਜਾ ਰਹੀਆਂ ਹਨ । ਇਨ੍ਹਾਂ 'ਚੋਂ ਜੇ ਕੁਝ ਕੁ ਚੁਣੌਤੀਆਂ ਦਾ ਨਾਂ ਲੈਣਾ ਹੋਵੇ ਤਾਂ ਇਨ੍ਹਾਂ ਵਿਚ ਦੂਜੇ ਦੇਸ਼ਾਂ ਦੇ ਮੁਕਾਬਲੇਬਾਜ਼ੀ, ਘਰੇਲੂ



ਪੱਧਰ 'ਤੇ ਬਹੁਤ ਜ਼ਿਆਦਾ ਕਾਨੂੰਨੀ ਬੰਦਸ਼ਾਂ, ਜਲਵਾਯੂ ਤਬਦੀਲੀ, ਜੈਵ-ਵਿਭਿੰਨਤਾ ਦਾ ਨੁਕਸਾਨ ਅਤੇ ਆਬਾਦੀ ਵਿੱਚ ਕਮੀ ਸ਼ਾਮਲ ਹਨ ।''

ਉਂਝ, ਸ਼ਾਇਦ ਬੀਬੀ ਉਰਸਲਾ ਇੱਕ ਕਾਰਨ ਦਾ ਜ਼ਿਕਰ ਕਰਨ ਤੋਂ ਖੁੰਝ ਗਏ ਉਹ ਇਹ ਹੈ ਕਿ ਬੁਨਿਆਦੀ ਤੌਰ 'ਤੇ ਕਿਸਾਨਾਂ ਦਾ ਇਹ ਗੁੱਸਾ ਉਨ੍ਹਾਂ ਨੂੰ ਸੁਨਿਸ਼ਚਿਤ ਅਤੇ ਵਾਜਬ ਕੀਮਤ ਨਾ ਮਿਲਣ ਕਰਕੇ ਹੈ । ਯੂਕਰੇਨ (ਜਾਂ ਹੋਰਨਾਂ ਦੇਸ਼ਾਂ) ਤੋਂ ਆਉਣ ਵਾਲੀਆਂ ਜਿਣਸਾਂ ਕਰਕੇ ਕੀਮਤਾਂ ਵਿੱਚ ਕਮੀ ਹੋਵੇ ਜਾਂ ਪਿਛਲੇ ਕਈ ਦਹਾਕਿਆਂ, ਤੋਂ ਮਿਲਦੀ ਆ ਰਹੀ ਖੇਤੀਬਾੜੀ ਟਰੈਕਟਰਾਂ ਲਈ ਡੀਜ਼ਲ ਸਬਸਿਡੀ ਵਾਪਸ ਲੈਣ ਦਾ ਸਵਾਲ, ਹਕੀਕਤ ਇਹ ਹੈ ਕਿ ਖੇਤੀਬਾੜੀ ਤੋਂ ਹੋਣ ਵਾਲੀ ਆਮਦਨ ਵਿਚ ਲਗਾਤਾਰ ਗਿਰਾਵਟ ਹੁੰਦੀ ਜਾ ਰਹੀ ਹੈ । ਬੈਲਜ਼ੀਅਮ ਦੇ ਇਕ ਕਿਸਾਨ ਨੇ ਇਸ ਅੰਦੋਲਨ ਦਾ ਸਾਰ ਪੇਸ਼ ਕਰਦਿਆਂ ਆਖਿਆ, ''ਅਸੀਂ ਖੈਰਾਤ ਨਹੀਂ ਮੰਗਦੇ । ਅਸੀਂ ਸਿਰਫ ਇਹ ਚਾਹੁੰਦੇ ਹਾਂ ਕਿ ਸਾਡੇ ਉਤਪਾਦਾਂ ਨੂੰ ਚੰਗੇ ਭਾਅ 'ਤੇ ਖਰੀਦਿਆ ਜਾਵੇ ।'' ਇਕ ਹੋਰ ਕਿਸਾਨ ਨੇ ਕਿਹਾ, ''ਸਾਨੂੰ ਮਰਨ ਲਈ ਛੱਡ ਦਿੱਤਾ ਜਾ ਰਿਹਾ ਹੈ ।''

ਫਰਾਂਸ ਵਿੱਚ ਇਕ ਸੰਸਦ ਮੈਂਬਰ ਨੇ ਸੰਸਦ ਮੈਂਬਰਾਂ ਦੇ ਭੱਤਿਆਂ ਵਿਚ 300 ਯੂਰੋ ਦੇ ਵਾਧੇ ਦੀ ਤਜਵੀਜ਼ ਦਾ ਵਿਰੋਧ ਕਰਦਿਆਂ ਆਖਿਆ ਸੀ ਕਿ ਸਾਡੇ ਇੱਕ ਤਿਹਾਈ ਕਿਸਾਨਾਂ ਦੀ ਮਾਸਿਕ ਆਮਦਨ 300 ਯੂਰੋ (ਅੰਦਾਜ਼ਨ 27000 ਰੁਪਏ) ਰਹਿ ਗਈ ਹੈ । ਜਦੋਂ ਪ੍ਰੇਸ਼ਾਨਹਾਲ ਕਿਸਾਨ ਸੜਕਾਂ 'ਤੇ ਨਿਕਲੇ ਹੋਏ ਹਨ ਤਾਂ ਉਸ ਸਮੇਂ ਇਹ ਤਜਵੀਜ਼ ਆਰਜ਼ੀ ਤੌਰ 'ਤੇ ਵਾਪਸ ਲੈ ਲਈ ਗਈ । ਜਰਮਨੀ ਵਿੱਚ 2016 ਤੋਂ 2023 ਤੱਕ ਖੇਤੀਬਾੜੀ ਲਈ ਆਰਥਿਕ ਪੈਮਾਇਸ਼ੀ ਸੂਚਕ ਅੰਕ ਤੋਂ ਪਤਾ ਲੱਗਦਾ ਹੈ ਕਿ ਖੇਤੀਬਾੜੀ ਅਰਥਚਾਰੇ ਦੀ ਹਾਲਤ ਬਦਤਰ ਹੋ ਗਈ ਹੈ । ਰੋਮਾਨੀਆਂ ਵਿਚ ਸਾਲ 2023 ਵਿਚ ਕਿਸਾਨਾਂ ਦੀ ਆਮਦਨ ਵਿਚ 17.4 ਫੀਸਦੀ ਕਮੀ ਆਈ ਹੈ ।

ਇਹ ਸੰਕਟ ਯੂਰੋਪ ਤੱਕ ਮਹਿਦੂਦ ਨਹੀਂ ਹੈ । ਕੁਝ ਸਮਾਂ ਪਹਿਲਾਂ ਅਮਰੀਕਾ ਵਿਚ ਛੋਟੇ ਕਿਸਾਨਾਂ ਦੇ ਹਵਾਲੇ ਨਾਲ ਆਈਆਂ ਕੁਝ ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਸੀ : ''ਉਹ ਸਾਨੂੰ ਨਕਸ਼ੇ ਤੋਂ ਮਿਟਾ ਦੇਣਾ ਚਾਹੁੰਦੇ ਹਨ ।'' ਅਮਰੀਕਾ ਦੇ ਦਿਹਾਤੀ ਖੇਤਰਾਂ ਵਿਚ ਖੁਦਕੁਸ਼ੀਆਂ ਦੀ ਦਰ ਕੌਮੀ ਔਸਤ ਨਾਲੋਂ 3.5 ਗੁਣਾ ਜ਼ਿਆਦਾ ਹੈ, ਖੇਤੀਬਾੜੀ ਖੇਤਰ ਵਿਚ ਮਾਯੂਸੀ ਦੀ ਲਹਿਰ ਨਾਲ ਸਿੱਝਣਾ ਇਕ ਕੌਮੀ ਮੁੱਦਾ ਬਣ ਗਿਆ ਹੈ । ਭਾਰਤ ਵਿਚ ਸਾਲ 2022 ਦੌਰਾਨ 11290 ਕਿਸਾਨ ਖੁਦਕੁਸ਼ੀਆਂ ਦਰਜ ਕੀਤੀਆਂ ਗਈਆਂ ਸਨ । ਜੇ ਮੰਡੀਆਂ ਕਿਸਾਨ ਪੱਖੀ ਹੁੰਦੀਆਂ ਤਾਂ ਦੁਨੀਆਂ ਭਰ ਵਿਚ ਕਿਸਾਨਾਂ ਨੂੰ ਇਸ ਹੋਂਦ ਦੇ ਸੰਕਟ ਨਾਲ ਦੋ-ਚਾਰ ਨਾ ਹੋਣਾ ਪੈਂਦਾ । ਇਸ ਦੇ ਨਾਲ ਹੀ ਖੇਤੀ ਸੰਕਟ ਦਾ ਕੋਈ ਸਥਾਈ ਹੱਲ ਕੱਢਣ ਦੀ ਬਜਾਏ ਯੂਰਪੀ ਦੇਸ਼ਾਂ ਦੀਆਂ ਸਰਕਾਰਾਂ ਨੂੰ ਜਲਵਾਯੂ ਤਬਦੀਲੀ ਦੇ ਨਾਂ 'ਤੇ ਕਿਸਾਨਾਂ ਨੂੰ ਖੇਤੀਬਾੜੀ 'ਚੋਂ ਬਾਹਰ ਕਰਨ ਦਾ ਔਜ਼ਾਰ ਮਿਲ ਗਿਆ ਹੈ ।

ਰੋਮਾਨੀਆਂ ਦੇ ਪ੍ਰਧਾਨ ਮੰਤਰੀ ਮਾਰਸਲ ਸਿਓਲਾਕੂ ਨੇ ਮੰਨਿਆ ਹੈ ਕਿ ਕਿਸਾਨ ਅੰਦੋਲਨ ਪੂਰੀ ਤਰ੍ਹਾਂ ਜਾਇਜ਼ ਹੈ । ਫਰਾਂਸ ਦੇ ਨਵ ਨਿਯੁਕਤ ਪ੍ਰਧਾਨ ਮੰਤਰੀ ਗੈਬਰੀਅਲ ਐਟਲ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਖੇਤੀਬਾੜੀ ਨੂੰ ਸਭ ਤੋਂ ਉੱਪਰ ਰੱਖਣ ਦਾ ਫੈਸਲਾ ਕੀਤਾ ਹੈ । ਇਸ ਦੌਰਾਨ ਜਰਮਨੀ ਨੇ ਪਹਿਲਾਂ ਹੀ



ਖੇਤੀਬਾੜੀ ਲਈ ਡੀਜ਼ਲ ਸਬਸਿਡੀ ਯਕਦਮ ਬੰਦ ਕਰਨ ਦੀ ਬਜਾਏ ਇਸ ਨੂੰ ਹੌਲੀ ਹੌਲੀ ਘਟਾਉਣ ਦਾ ਫੈਸਲਾ ਕਰ ਲਿਆ ਹੈ । ਇਨ੍ਹਾਂ ਸਾਰੇ ਭਰੋਸਿਆਂ ਦੇ ਬਾਵਜੂਦ ਤੱਥ ਇਹ ਹੈ ਕਿ ਕੋਈ ਵੀ ਯੂਰਪੀ ਆਗੂ ਖੇਤੀਬਾੜੀ ਵਿਚ ਵਧ ਰਹੀ ਮਾਯੂਸੀ ਦੇ ਅਸਲ ਕਾਰਨ ਦੀ ਨਿਸ਼ਾਨਦੇਹੀ ਨਹੀਂ ਕਰ ਸਕਿਆ ਜੋ ਕਿ ਇਹ ਹੈ ਕਿ ਮੰਡੀਆਂ ਕਿਸਾਨਾਂ ਨੂੰ ਯਕੀਨੀ ਆਮਦਨ ਮੁਹੱਈਆ ਕਰਾਉਣ ਵਿਚ ਨਾਕਾਮ ਰਹੀਆਂ ਹਨ ।

ਜੇ ਖੇਤੀਬਾੜੀ ਮੰਡੀਆਂ ਨੂੰ ਤੋੜ ਕ ਖੇਤੀਬਾੜੀ ਉੱਪਰ ਕਾਰਪੋਰੇਟ ਕੰਟਰੋਲ ਸਥਾਪਤ ਕਰਨਾ ਇਕ ਪਾਏਦਾਰ ਬਦਲ ਹੁੰਦਾ ਤਾਂ ਕੋਈ ਕਾਰਨ ਨਹੀਂ ਸੀ ਕਿ ਪਿਛਲੇ ਤਕਰੀਬਨ ਡੇਢ ਦਹਾਕਿਆਂ ਤੋਂ ਵੱਧ ਅਰਸੇ ਤੋਂ ਯੂਰੋਪ ਨੂੰ ਵਾਰ ਵਾਰ ਕਿਸੇ ਨਾ ਕਿਸੇਰੂਪ ਵਿਚ ਕਿਸਾਨਾਂ ਦੇ ਅਸੰਤੋਖ ਦਾ ਸਾਹਮਣਾ ਕਰਨਾ ਪੈਂਦਾ । ਯਕੀਨਨ, ਹੁਣ ਤੱਕ ਇਹ ਸਪੱਸ਼ਟ ਹੋ ਜਾਂਦਾ ਚਾਹੀਦਾ ਸੀ ਕਿ ਮੰਡੀਆਂ ਦਾ ਉਦਾਰੀਕਰਨ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨ ਤੋਂ ਅਸਮਰੱਥ ਸਾਬਿਤ ਹੋਇਆ ਹੈ । ਇਹ ਦਰਸਾਉਂਦਾ ਹੈ ਕਿ ਵਿਆਪਕ ਅਰਥ ਨੀਤੀਆਂ ਇਸ ਮਨੋਰਥ ਨਾਲ ਘੜੀਆਂ ਜਾਂਦੀਆਂ ਹਨ ਆਰਥਿਕ ਸੁਧਾਰਾਂ ਨੂੰ ਪਾਏਦਾਰ ਬਣਾਉਣ ਲਈ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਨਾ ਵਧਣ ਦਿੱਤੀਆਂ ਜਾਣ ਜੋ ਕਿ ਬੁਨਿਆਦੀ ਨੁਕਸ ਹੈ । ਹਾਲਾਂਕਿ ਇਸ ਪਿੱਛੇ ਖੁਰਾਕੀ ਵਸਤਾਂ ਦੀ ਮਹਿਗਾਈ ਦਰ ਨੂੰ ਨੀਵੀਂ ਰੱਖਣ ਦੀ ਧਾਰਨਾ ਰੱਖੀ ਜਾਂਦੀ ਹੈ, ਪਰ ਮਕਾਨ ਉਸਾਰੀ ਸਿੱਖਿਆ ਅਤੇ ਸਿਹਤ ਸੰਭਾਲ ਜਿਹੇ ਮਹਿੰਗਾਈ ਦੇ ਅਸਲ ਕਾਰਕਾਂ ਦੀ ਇਸ ਵਿਚ ਕੋਈ ਗਿਣਤੀ ਮਿਣਤੀ ਹੀ ਨਹੀਂ ਕੀਤੀ ਜਾਂਦੀ । ਇਹ ਨਿਰਾ-ਪੁਰਾ ਵਿਆਪਕ ਆਰਥਿਕ ਧੋਖਾ ਹੈ ।

ਇਹ ਗੱਲ ਹੁਣ ਪੂਰੀ ਤਰ੍ਹਾਂ ਸਪੱਸ਼ਟ ਹੋ ਚੁੱਕੀ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੇ ਘਾਟੇ ਪੂਰੇ ਕਰਨ ਲਈ ਵਾਰ ਵਾਰ ਪ੍ਰੇਰਕ ਦੇਣਾ ਕੋਈ ਸਥਾਈ ਹੱਲ ਨਹੀਂ ਹੈ । 2020-22 ਦੌਰਾਨ ਪ੍ਰਤੀ ਸਾਲ 107 ਅਰਬ ਡਾਲਰ ਦੀ ਭਾਰੀ ਭਰਕਮ ਇਮਦਾਦ (ਉਂਝ ਵੀ ਯੂਰਪੀ ਕਿਸਾਨਾਂ ਨੂੰ ਸਬਸਿਡੀਆਂ ਅਤੇ ਸਿੱਧੀ ਆਮਦਨ ਸਹਾਇਤਾ ਦੇ ਰੂਪ ਵਿਚ ਸਭ ਤੋਂ ਵੱਧ ਭੁਗਤਾਨ ਹੁੰਦਾ ਹੈ) ਵੀ ਖੇਤੀ ਖੇਤਰ ਵਿੱਚ ਕਿਰਤ ਸ਼ਕਤੀ ਨੂੰ ਬਰਕਰਾਰ ਰੱਖਣ ਵਿੱਚ ਸਫਲ ਨਹੀਂ ਹੋ ਸਕੀ । ਨਾ ਹੀ ਇਸ ਨਾਲ 2023 ਵਿਚ ਯੂਰੋਪ ਵਿਚ ਕਿਸਾਨੀ ਰੋਸ ਮੁਜ਼ਾਹਰਿਆਂ ਦੀ ਸ਼ਿੱਦਤ ਘਟ ਸਕੀ ਹੈ । 2024 ਦੀ ਸ਼ੁਰੂਆਤ ਤੋਂ ਜ਼ਾਹਿਰ ਹੋ ਗਿਆ ਕਿ ਕਿਸਾਨ ਅੰਦੋਲਨ ਫੈਲ ਵੀ ਰਿਹਾ ਹੈ ਅਤੇ ਤੇਜ਼ ਵੀ ਹੋ ਰਿਹਾ ਹੈ ।

ਇੱਥੇ ਹੀ ਮੈਨੂੰ ਭਾਰਤ ਵਿਚ ਕਿਸਾਨ ਜਥੇਬੰਦੀਆਂ ਦੀ ਮੰਗ ਆਲਮੀ ਤੌਰ 'ਤੇ ਪ੍ਰਸੰਗਕ ਨਜ਼ਰ ਆਉਂਦੀ ਹੈ । ਪ੍ਰੇਰਕ ਦੀ ਥਾਂ ਭਾਰਤੀ ਕਿਸਾਨ ਘੱਟੋ-ਘੱਟ ਸਹਾਇਕ ਮੁੱਲ (ਐੱਮ ਐੱਸ ਪੀ) ਲਈ ਕਾਨੂੰਨੀ ਚੌਖਟਾ ਘੜਨ ਦੀ ਮੰਗ ਕਰ ਰਹੇ ਹਨ । ਐੱਮ ਐੱਸ ਪੀ ਦੇ ਫਾਰਮੂਲੇ ਨੂੰ ਸੋਧਣ ਦੀ ਲੋੜ ਹੈ ਪਰ ਯੂਰੋਪ ਦੇ ਕਿਸਾਨਾਂ ਨੂੰ ਇਹ ਸਮਝਣਾ ਪਵੇਗਾ ਕਿ ਜੇ ਉਨ੍ਹਾਂ ਨੂੰ ਮੰਡੀ ਦੇ ਰਹਿਮੋ ਕਰਮ 'ਤੇ ਛੱਡ ਦਿੱਤਾ ਗਿਆ ਤਾਂ ਦੇਰ ਸਵੇਰ ਉਨ੍ਹਾਂ ਦੀ ਹੋਂਦ ਮਿਟ ਹੀ ਜਾਣੀ ਹੈ । ਖੇਤੀਬਾੜੀ ਨੂੰ ਇਕ ਪਾਏਦਾਰ ਉੱਦਮ ਬਣਾਉਣ ਲਈ ਇਕਮਾਤਰ ਰਾਹ ਇਹੀ ਹੈ ਕਿ ਫਸਲਾਂ ਅਤੇ ਜਿਣਸਾਂ ਦੀਆਂ ਕੀਮਤਾਂ ਨੂੰ ਇਸ ਤਰ੍ਹਾਂ ਸੁਨਿਸ਼ਚਤ ਕਰਨਾ ਪਵੇਗਾ ਕਿ ਨਿਰਧਾਰਤ ਕੀਮਤਾਂ ਦੇ ਪੱਧਰ ਤੋਂ ਹੇਠਾਂ ਕੋਈ ਵੀ ਖਰੀਦ ਦੀ ਆਗਿਆ ਨਾ ਹੋਵੇ ।

# ਸਫਲ ਕਿਸਾਨ ਰਵੀ ਕਾਂਤ

**ਰਵੀ ਕਾਂਤ ਦੇ ਕੋਲ ਵਾਹੀ ਯੋਗ ਕੁੱਲ ਜ਼ਮੀਨ ਲਗਭਗ 21 ਏਕੜ ਦੇ ਕਰੀਬ ਹੈ ਜਿਸ ਤੇ ਉਹ ਸਾਉਣੀ ਵਿਚ ਨਰਮਾ, ਦੇਸੀ ਕਪਾਹ, ਬਾਸਮਤੀ, ਝਾੜ ਕਰੇਲਾ, ਕਰੇਲਾ, ਤੋਰੀ, ਘੀਆ, ਮੂੰਗੀ, ਹਰੀ ਮਿਰਚ ਆਦਿ ਅਤੇ ਹਾੜ੍ਹੀ ਵਿਚ ਕਣਕ, ਕਨੌਲਾ ਸਰ੍ਹੋਂ, ਛੋਲੇ, ਟਮਾਟਰ, ਮਿਰਚ ਆਦਿ ਦੀ ਕਾਸ਼ਤ ਕਰਦਾ ਹੈ ।**





ਪੰਜਾਬ ਦੀ ਖੇਤੀ ਸਾਰੇ ਵਿਸ਼ਵ ਵਿਚ ਇਕ ਖਾਸ ਪਹਿਚਾਣ ਰੱਖਦੀ ਹੈ । ਇੱਥੇ ਦੇ ਕਿਸਾਨ ਬਹੁਤ ਹੀ ਮਿਹਨਤੀ ਅਤੇ ਹਿੰਮਤੀ ਹਨ । ਅਜਿਹਾ ਹੀ ਇਕ ਮਿਹਨਤੀ ਅਤੇ ਹਿੰਮਤੀ ਕਿਸਾਨ ਹੈ ਪਿੰਡ ਨਿਹਾਲ ਖੇੜਾ, ਜ਼ਿਲ੍ਹਾ ਫਾਜ਼ਿਲਕਾ ਦਾ ਵਸਨੀਕ ਸਪੁੱਤਰ ਸ਼੍ਰੀ ਰਾਮ ਪ੍ਰਤਾਪ, ਮਾਤਾ ਸ਼੍ਰੀ ਮਤੀ ਸਰਸਵਤੀ ਦੇਵੀ ਦੇ ਘਰ ਪੈਦਾ ਹੋਇਆ ਇਕ ਉੱਦਮੀ ਕਿਸਾਨ ਰਵੀ ਕਾਂਤ । ਰਵੀ ਕਾਂਤ ਇਕ ਨੌਜਵਾਨ ਕਿਸਾਨ ਹੈ । ਰਵੀ ਕਾਂਤ ਦੇ ਕੋਲ ਵਾਹੀ ਯੋਗ ਕੁੱਲ ਜ਼ਮੀਨ ਲਗਭਗ 21 ਏਕੜ ਦੇ ਕਰੀਬ ਹੈ ਜਿਸ ਤੇ ਉਹ ਸਾਉਣੀ ਵਿਚ ਨਰਮਾ, ਦੇਸੀ ਕਪਾਹ, ਬਾਸਮਤੀ, ਝਾੜ ਕਰੇਲਾ, ਕਰੇਲਾ, ਤੋਰੀ, ਘੀਆ, ਮੂੰਗੀ, ਹਰੀ ਮਿਰਚ ਆਦਿ ਅਤੇ ਹਾੜ੍ਹੀ ਵਿਚ ਕਣਕ, ਕਨੌਲਾ ਸਰ੍ਹੋਂ, ਛੋਲੇ, ਟਮਾਟਰ, ਮਿਰਚ ਆਦਿ ਦੀ ਕਾਸ਼ਤ ਕਰਦਾ ਹੈ । ਰਵੀ ਕਾਂਤ ਨੇ ਆਪਣੇ ਘਰ ਕੁਝ ਮੌਸਮੀ ਫਲਦਾਰ ਰੁੱਖ ਵੀ ਲਗਾਏ ਹੋਏ ਹਨ ਜਿਵੇਂ ਅਮਰੂਦ, ਕਿੰਨੂ, ਨਾਸ਼ਪਾਤੀ, ਆੜੂ, ਖਜੂਰ, ਜਾਮਨ, ਬੇਰੀ, ਅੰਗੂਰ, ਅਨਾਰ, ਨਿੰਬੂ ਆਦਿ । ਰਵੀ ਕਾਂਤ ਨੇ ਆਪਣੇ 7 ਏਕੜ ਵਿਚ ਕਿੰਨੂ ਦਾ ਬਾਗ ਵੀ ਲਗਾਇਆ ਸੀ ਪਰ ਧਰਤੀ ਹੇਠਲੇ ਪਾਣੀ ਦੇ ਪੱਧਰ ਵਿਚ ਵਾਧਾ ਹੋਣ ਕਰਕੇ ਭਾਵ ਧਰਤੀ ਵਿਚ ਸੇਮ ਵਧਣ ਕਰਕੇ ਧਰਤੀ ਦਾ ਪਾਣੀ ਉੱਪਰ ਆਉਣ ਕਰਕੇ ਇਸਨੂੰ ਆਪਣਾ ਸਾਰਾ ਬਾਗ ਪੁੱਟਣਾ ਪਿਆ । ਇਹ ਸਮੱਸਿਆ ਇੱਕ ਇਲਾਕਾਈ ਸਮੱਸਿਆ ਹੋਣ ਕਰਕੇ ਇਲਾਕੇ ਦੇ ਹੋਰ ਵੀ ਕਈ ਕਿਸਾਨਾਂ ਦੁਆਰਾ ਮਜਬੂਰਨ ਆਪਣੇ ਬਾਗਾਂ ਨੂੰ ਖਤਮ ਕਰ ਦਿੱਤਾ ਗਿਆ ਸੀ । ਉਸ 7 ਏਕੜ ਜ਼ਮੀਨ ਉੱਤੇ ਹੁਣ ਉਹ ਨਰਮੇ ਦੀ ਹੀ ਕਾਸ਼ਤ



ਕਰਨ ਲੱਗ ਪਿਆ ਹੈ । ਆਪਣੀ ਕੁੱਲ ਜ਼ਮੀਨ ਨੂੰ ਰਵੀ ਕਾਂਤ ਨੇ ਸਾਰੇ ਸਾਲ ਦੀਆਂ ਫਸਲਾਂ ਅਤੇ ਖੇਤਰਫਲ ਦੇ ਅਨੁਸਾਰ ਇੰਝ ਵੰਡਿਆ ਹੈ ਕਿ 1 ਏਕੜ ਵਿਚ ਪਸ਼ੂਆਂ ਦਾ ਚਾਰਾ, 9 ਏਕੜ ਵਿਚ ਬਾਸਮਤੀ, 8 ਏਕੜ ਨਰਮਾ, 2 ਏਕੜ ਮੌਸਮੀ ਸਬਜ਼ੀਆਂ, 16 ਏਕੜ ਕਣਕ, 2 ਏਕੜ ਸਰ੍ਹੋਂ ਅਤੇ 4 ਕਨਾਲ ਜ਼ਮੀਨ ਵਿਚ ਛੋਲੇ ਅਤੇ ਹੋਰ ਤਜ਼ਰਬੇ ਅਧੀਨ ਫਸਲਾਂ ਦੀ ਕਾਸ਼ਤ ਕਰਦਾ ਹੈ । ਖੇਤੀ ਦੇ ਨਾਲ ਨਾਲ ਰਵੀ ਕਾਂਤ ਨੇ ਸਹਾਇਕ ਕਿੱਤੇ ਵੱਜੋਂ 12 ਗਾਵਾਂ ਵੀ ਰੱਖੀਆਂ ਹੋਈਆਂ ਹਨ ਜਿਸ ਵਿਚ ਦੇਸੀ ਨਸਲਾਂ ਜਿਵੇਂ ਸਾਹੀਵਾਲ, ਰਾਠੀ, ਹਰਿਆਣਾ ਮੁੱਖ ਨਸਲਾਂ ਹਨ ਇਸ ਤੋਂ ਇਲਾਵਾ 3 ਗਾਵਾਂ ਦੋਗਲੀ ਨਸਲ ਦੀਆਂ ਵੀ ਹਨ । ਇਹਨਾਂ ਪਸ਼ੂਆਂ ਦੇ ਚਾਰੇ ਲਈ ਰਵੀ ਕਾਂਤ ਆਪਣੇ ਖੇਤਾਂ ਵਿਚ ਚਰੇ ਵਾਲੀਆਂ ਫਸਲਾਂ ਦੀ ਬੀਜਦਾ ਹੈ ਜਿਵੇਂ ਮੱਕੀ, ਬਾਜਰਾ, ਜਵਾਰ, ਬਰਸੀਮ, ਰਾਈ ਘਾਹ ਆਦਿ । ਆਪਣੇ ਖੇਤਾਂ ਦੀ ਸਿੰਚਾਈ ਲਈ ਰਵੀਂ ਕਾਂਤ ਨਹਿਰੀ ਅਤੇ ਟਿਊਬਵੈੱਲ ਦੇ ਪਾਣੀ ਦੀ ਵਰਤੋਂ ਕਰਦਾ ਹੈ । ਧਰਤੀ ਦੀ ਸਿਹਤ ਨੂੰ ਦੇਖਦੇ ਹੋਏ ਰਵੀ ਕਾਂਤ ਨਰਮੇ ਅਤੇ ਹੋਰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਪਿਛਲੇ 3 ਸਾਲਾਂ ਤੋਂ ਜ਼ਮੀਨ ਦੇ ਵਿਚ ਵਾਹ ਕੇ ਹੀ ਜਜ਼ਬ ਕਰਦਾ ਹੈ ਜਿਸ ਨਾਲ ਉਸ ਦੀ ਜ਼ਮੀਨ ਦੀ ਉਪਜਾਊ ਸ਼ਕਤੀ ਵਿਚ ਵਾਧਾ ਹੁੰਦਾ ਹੈ ਅਤੇ ਵਾਤਾਵਰਣ ਵੀ ਸਾਫ-ਸੁਥਰਾ ਹੁੰਦਾ ਹੈ । ਆਪਣੀਆਂ ਸਾਰੀਆਂ ਖੇਤੀ ਜਿਣਸਾਂ ਦਾ ਮੰਡੀਕਰਨ ਵੀ ਰਵੀ ਕਾਂਤ ਬਹੁਤ ਹੀ ਸੁਚੱਜੇ ਢੰਗ ਨਾਲ ਕਰਦਾ ਹੈ । ਸਬਜ਼ੀਆਂ ਤਾਂ ਲੋਕ ਘਰੋਂ ਹੀ ਲੈ ਜਾਂਦੇ ਹਨ ਅਤੇ ਨਰਮਾ ਕਪਾਹ ਇਕ ਸਰਕਾਰੀ ਕੰਪਨੀ ਨੂੰ ਵੇਚਿਆ ਜਾਂਦਾ ਹੈ । ਕਣਕ ਝੋਨਾ ਆਮ ਕਿਸਾਨਾਂ ਵਾਂਗ ਹੀ ਸਰਕਾਰੀ ਮੰਡੀਆਂ ਵਿਚ ਸਰਕਾਰ ਦੁਆਰਾ ਮਿੱਥੇ ਮੁੱਲ ਤੇ ਵਿੱਕ ਜਾਂਦਾ ਹੈ । ਇਸ ਤੋਂ ਇਲਾਵਾ ਰਵੀ ਕਾਂਤ ਆਪਣੀਆਂ ਕੁੱਝ ਖੇਤੀ ਜਿਣਸਾਂ ਦਾ ਮੰਡੀਕਰਨ ਪ੍ਰੋਸੈਸਿੰਗ ਕਰਕੇ ਵੀ ਕਰਦਾ ਹੈ ਜਿਸ ਨਾਲ ਉਸ ਨੂੰ ਜ਼ਿਆਦਾ ਆਮਦਨ ਪ੍ਰਾਪਤ ਹੁੰਦੀ ਹੈ । ਰਵੀ ਕਾਂਤ ਦਾ ਪੂਰਾ ਪਰਿਵਾਰ ਉਸ ਦੇ ਨਾਲ ਖੇਤੀ ਵਿਚ ਉਸਦਾ ਸਾਥ ਦਿੰਦਾ ਹੈ । ਉਸਦੇ ਪਰਿਵਾਰ ਵਿਚ ਉਸਦਾ ਛੋਟਾ ਭਰਾ ਸ਼੍ਰੀ ਚੰਦਰਕਾਂਤ, ਧਰਮਪਤਨੀ ਸ਼੍ਰੀਮਤੀ ਮਾਇਆ ਦੇਵੀ ਅਤੇ ਬੇਟੀ ਅਦਿਤਿਆ ਹੈ । ਰਵੀ ਕਾਂਤ ਆਪਣੇ ਇਲਾਕੇ ਦੇ ਹੋਰ ਦੂਜੇ ਅਗਾਂਹਵਧੂ ਕਿਸਾਨਾਂ ਨੂੰ ਆਪਣੇ ਪੱਧਰ 'ਤੇ ਸਨਮਾਨਿਤ ਵੀ ਕਰਦਾ ਰਹਿੰਦਾ ਹੈ । ਖੇਤੀ ਦੇ ਖੇਤਰ ਵਿੱਚ ਰਵੀ ਕਾਂਤ ਨੂੰ ਬਹੁਤ ਸਾਰੇ ਇਨਾਮ ਸਨਮਾਨ ਵੀ ਹਾਸਲ ਹੋ ਚੁੱਕੇ ਹਨ ਜਿਨ੍ਹਾਂ ਵਿਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਾਲ 2001 ਵਿਚ ਨਰਮੇ ਦੀ ਫਸਲ ਦਾ ਪਹਿਲੇ ਨੰਬਰ ਤੇ ਆਉਣ ਲਈ, ਸਾਲ 2011 ਵਿਚ ਖੇਤਰੀ ਖੋਜ ਕੇਂਦਰ ਫਰੀਦਕੋਟ ਵੱਲੋਂ ਨਰਮੇ ਦੀ ਫਸਲ ਦੇ ਪਹਿਲੇ ਨੰਬਰ ਤੇ ਆਉਣ ਲਈ, ਫਾਰਮਰਜ਼ ਪ੍ਰੋਡਿਊਸ ਕੰਪਨੀ ਦੇ ਵਧੀਆ ਕੰਮ ਕਾਜ ਲਈ ਪਹਿਲਾ ਇਨਾਮ, 2009 ਵਿਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਫਾਜ਼ਿਲਕਾ ਵੱਲੋਂ ਕਪਾਹ ਵਿੱਚ ਪਹਿਲਾ ਸਥਾਨ ਹਾਸਲ ਕਰਨ ਲਈ ਇਨਾਮ ਮਿਲਿਆ । ਇਸ ਤੋਂ ਇਲਾਵਾ ਰਵੀ ਕਾਂਤ ਨੂੰ ਪਿੰਡ, ਜ਼ਿਲ੍ਹਾ ਅਤੇ ਰਾਜ ਪੱਧਰ ਦੇ ਹੋਰ ਕਈ ਸਰਕਾਰੀ ਅਤੇ ਗੈਰਸਰਕਾਰੀ ਵਿਭਾਗਾਂ ਵੱਲੋਂ ਵੀ ਸਮੇਂ ਸਮੇਂ ਤੇ ਸਨਮਾਨਿਤ ਕੀਤਾ ਜਾਂਦਾ ਰਹਿੰਦਾ ਹੈ । ਰਵੀ ਕਾਂਤ ਕ੍ਰਿਸ਼ੀ ਵਿਗਿਆਨ ਕੇਂਦਰ ਫਾਜ਼ਿਲਕਾ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਫਾਜ਼ਿਲਕਾ, ਡੇਅਰੀ ਅਤੇ ਪਸ਼ੂ ਭਲਾਈ ਵਿਭਾਗ ਫਾਜ਼ਿਲਕਾ ਨਾਲ ਆਪਣਾ ਪੂਰਾ ਰਾਬਤਾ ਰੱਖਦਾ ਹੈ । ਰਵੀ ਕਾਂਤ ਬਹੁਤ ਹੀ ਆਧੁਨਿਕ ਢੰਗਾਂ ਨਾਲ ਆਪਣੀ ਖੇਤੀ ਨੂੰ ਕਰਦਾ ਹੈ ਅਤੇ ਸਮੇਂ ਸਮੇਂ ਆਪਣੇ ਖੇਤਾਂ ਦੀ ਮਿੱਟੀ ਦੀ ਪਰਖ ਕਰਵਾ ਕੇ ਹੀ ਖਾਦਾਂ ਦੀ ਸੰਤੁਲਿਤ ਵਰਤੋਂ ਕਰਦਾ ਹੈ । ਫਸਲਾਂ ਨੂੰ ਜੈਵਿਕ ਅਤੇ ਕੁਦਰਤੀ ਖਾਦਾਂ ਪਾਉਂਦਾ ਹੈ ਜਿਸ ਨਾਲ ਫਸਲਾਂ ਦਾ ਝਾੜ ਵੱਧਦਾ ਹੈ ਅਤੇ ਜਿਣਸਾਂ ਦੇ ਮਿਆਰ ਅਤੇ ਕੁਆਲਿਟੀ ਵਿਚ ਵਾਧਾ ਹੁੰਦਾ ਹੈ । ਰਵੀ ਕਾਂਤ ਦੇ ਕੋਲ ਹਰ ਆਧੁਨਿਕ ਖੇਤੀ ਮਸ਼ੀਨਰੀ ਵੀ ਹੈ । ਜੇਕਰ ਲੋੜ ਪਵੇ ਤਾਂ ਉਹ ਆਪਣੇ ਪਿੰਡ ਦੀ ਸਰਕਾਰੀ ਸਹਿਕਾਰੀ ਸਭਾ ਤੋਂ ਕਿਰਾਏ ਤੇ ਖੇਤੀ ਮਸ਼ੀਨਾਂ ਦੀ ਵਰਤੋਂ ਕਰਦਾ ਹੈ ਅਤੇ ਆਪਣੇ ਵਾਧੂ ਖੇਤੀ ਖਰਚਿਆਂ ਨੂੰ ਪੂਰੀ ਤਰ੍ਹਾਂ ਨਾਲ ਘਟਾ ਕੇ ਰੱਖਦਾ ਹੈ । ਰਵੀ ਕਾਂਤ ਨੇ ਆਪਣੇ ਫਾਰਮ ਨੂੰ ਇਕ ਤਜ਼ਰਬਾ ਖੇਤਰ ਬਣਾਇਆ ਹੋਇਆ ਹੈ ਜਿਸ ਵਿਚ ਉਹ ਦੂਜੇ ਕਿਸਾਨਾਂ ਨੂੰ ਖੇਤੀ ਨਾਲ ਸੰਬੰਧਤ ਜਾਣਕਾਰੀ ਦਿੰਦਾ ਰਹਿੰਦਾ ਹੈ । ਪੰਜਾਬ ਦੇ ਵੱਖ ਵੱਖ ਵਿਭਾਗਾਂ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੁਆਰਾ ਲਗਾਏ ਜਾਂਦੇ ਕਿਸਾਨ ਕੈਂਪਾਂ, ਮੇਲਿਆਂ ਅਤੇ ਪ੍ਰਦਰਸ਼ਨੀਆਂ ਵਿਚ ਵੀ ਰਵੀ ਕਾਂਤ ਬੜੇ ਉਤਸ਼ਾਹ ਨਾਲ ਹਿੱਸਾ ਲੈਂਦਾ ਰਿਹਾ ਹੈ । ਲਾਕਡਾਊਨ ਅਤੇ ਕਰੋਨਾ ਦੇ ਮੌਜੂਦਾ ਚਲਦੇ ਮਾੜੇ ਦੌਰ ਵਿਚ ਵੀ ਰਵੀ ਕਾਂਤ ਦਾ ਖੇਤੀ ਕੰਮ-ਕਾਜ ਨਿਰਵਿਘਨ ਚਲਦਾ ਰਿਹਾ ਅਤੇ ਜਿਣਸਾਂ ਦੇ ਮੰਡੀਕਰਨ ਕਰਨ ਵਿਚ ਵੀ ਕੋਈ ਬਹੁਤੀ ਵੱਡੀ ਮੁਸ਼ਕਿਲ ਨਹੀਂ ਪੇਸ਼ ਆਈ । ਸਬਜ਼ੀਆਂ ਅਤੇ ਫਲਾਂ ਦੀ ਪੈਦਾਵਾਰ ਬਹੁਤ ਹੀ ਨਾਜ਼ੁਕ ਵਿਸ਼ਾ ਹੈ ਇਸ ਲਈ ਹੋਰ ਦੂਜੀਆਂ ਜਿਣਸਾਂ ਨਾਲੋਂ ਇਹਨਾਂ ਦੀ ਪੈਦਾਵਾਰ ਕਰਨੀ ਅਤੇ ਵੇਚਣੀ ਔਖੀ ਹੁੰਦੀ ਹੈ ਪਰ ਰਵੀ ਕਾਂਤ ਨੇ ਇਸ ਨੂੰ ਵੀ ਪੂਰੀ ਕਾਮਯਾਬੀ ਨਾਲ ਕਰ ਵਿਖਾਇਆ ਹੈ । ਭਵਿੱਖ ਵਿੱਚ ਰਵੀ ਕਾਂਤ ਆਪਣੀ ਖੇਤੀ ਨੂੰ ਹੋਰ ਉੱਚੀਆਂ ਬੁਲੰਦੀਆਂ ਤੇ ਲੈ ਕੇ ਜਾਣਾ ਚਾਹੁੰਦਾ ਹੈ । ਅਸੀਂ ਰਵੀ ਕਾਂਤ ਨੂੰ ਉਸ ਦੀ ਖੁਸ਼ਹਾਲ ਖੇਤੀ ਲਈ ਸ਼ੁੱਭਕਾਮਨਾਵਾਂ ਦਿੰਦੇ ਹਾਂ । ਆਸ ਕਰਦੇ ਹਾਂ ਕਿ ਰਵੀ ਕਾਂਤ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰੇ ।



ਦਿਨੇਸ਼ ਦਮਾਥੀਆ
ਮੋ. 94177-14390

# ਕੈਨ ਬਾਇਓਸਿਸ ਨੇ ਕਿਸਾਨਾਂ ਨਾਲ 75ਵਾਂ ਗਣਤੰਤਰ ਦਿਵਸ ਮਨਾਇਆ

ਭਾਰਤ ਦੇ ਗਣਤੰਤਰ ਬਣਨ ਤੋਂ ਬਾਅਦ ਪਿਛਲੇ 74 ਸਾਲਾਂ ਵਿੱਚ ਕਿਸਾਨਾਂ ਨੇ ਬਹੁਤ ਯੋਗਦਾਨ ਦਿੱਤਾ ਹੈ । ਇਹ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਕਿ ਕੋਰੋਨਾ ਵਰਗੇ ਔਖੇ ਸਮੇਂ ਵਿੱਚ ਵੀ ਸਾਡੀ ਅਰਥ-ਵਿਵਸਥਾ ਦੀ ਜੀ. ਡੀ. ਪੀ. ਦਰ ਖੇਤੀ ਖੇਤਰ ਦੇ ਕਾਰਨ ਹੀ ਬਚੀ ਹੋਈ ਹੈ । ਖੇਤੀ ਖੇਤਰ ਵਿੱਚ ਕਿਸਾਨਾਂ ਦਾ ਬਹੁਤ ਮਹੱਤਵਪੂਰਨ ਸਥਾਨ ਹੈ ਅਤੇ ਉਨ੍ਹਾਂ ਦੇ ਯੋਗਦਾਨ ਕਾਰਨ ਹੀ ਭਾਰਤ ਇੱਕ ਖੇਤੀ ਪ੍ਰਧਾਨ ਦੇਸ਼ ਵਜੋਂ ਜਾਣਿਆ ਜਾਂਦਾ ਹੈ । ਇਸ ਦੇ ਭਵਿੱਖ ਵਿੱਚ ਭਾਰਤ ਇੱਕ ਆਰਥਿਕ ਮਹਾਸ਼ਕਤੀ ਬਣ ਕੇ ਉਭਰ ਰਿਹਾ ਹੈ ।

ਭਾਰਤ ਦੇ ਨਿਰਮਾਣ ਵਿੱਚ ਕਿਸਾਨਾਂ ਦੇ ਯੋਗਦਾਨ ਦਾ ਜਸ਼ਨ ਮਨਾਉਣ ਲਈ ਬਹੁਰਾਸ਼ਟਰੀ ਕੰਪਨੀ ਕੈਨ ਬਾਇਓਸਿਸ ਦੇ ਕਰਮਚਾਰੀਆਂ ਨੇ ਭਾਰਤ ਦੇ 75 ਸਥਾਨਾਂ 'ਤੇ ਇਕੱਠਿਆਂ ਕਿਸਾਨਾਂ ਦੇ ਨਾਲ ਗਣਤੰਤਰ ਦਿਵਸ ਮਨਾ ਕੇ ਕਿਸਾਨਾਂ ਨੂੰ ਸਨਮਾਨਿਤ ਕੀਤਾ । ਇਸ ਪਹਿਲ ਨੂੰ ਕੰਪਨੀ ਦੇ ਮਾਰਕੀਟਿੰਗ ਅਤੇ ਮਾਨਵ ਸੰਸਾਧਨ ਵਿਭਾਗ ਦੇ ਵਾਈਸ ਪ੍ਰੈਜ਼ੀਡੈਂਟ ਡਾ. ਪ੍ਰਸ਼ਾਂਤ ਪਵਾਰ ਅਤੇ ਸੇਲਜ਼ ਦੇ ਵਾਈਸ ਪ੍ਰੈਜ਼ੀਡੈਂਟ ਰਾਹੁਲ ਪਾਰਖੀ ਅਤੇ ਕੰਪਨੀ ਦੇ ਪ੍ਰਬੰਧ ਨਿਰਦੇਸ਼ਕ ਸੰਦੀਪਾ ਕਾਨਿਟਕਰ ਦੇ ਸੰਕਲਪ ਰਾਹੀਂ ਸ਼ੁਰੂ ਕੀਤਾ ਗਿਆ ਸੀ ।

ਤਿੰਨ ਦਹਾਕਿਆਂ ਦੇ ਜ਼ਿਆਦਾ ਸਮੇਂ ਤੋਂ ਕਿਸਾਨਾਂ ਦੇ ਨਾਲ ਕੰਮ ਕਰਦੇ ਹੋਏ, ਕੈਨ ਬਾਇਓਸਿਸ ਮਿੱਟੀ ਦੀ ਸਿਹਤ, ਫ਼ਸਲ ਪੋਸ਼ਣ ਅਤੇ ਫ਼ਸਲ ਸੁਰੱਖਿਆ ਲਈ ਤਰਲ ਜੈਵ-ਖਾਦ, ਜੈਵ-ਕੀਟਨਾਸ਼ਕ, ਬੀਜ ਉਪਚਾਰ ਅਤੇ ਜੈਵ-ਉਤੇਜਕ ਵਰਗੇ ਪ੍ਰਮਾਣਿਤ ਖੇਤੀ ਉਤਪਾਦਾਂ ਦੇ ਨਿਰਮਾਣ ਅਤੇ ਸਪਲਾਈ ਵਿੱਚ ਮਾਹਿਰ ਹਨ । ਕੈਨ ਬਾਇਓਸਿਸ ਨਵੇਕਲੇ ਉਤਪਾਦਾਂ ਅਤੇ ਸੇਵਾਵਾਂ ਲਈ ਜਾਣਿਆ ਜਾਂਦਾ ਹੈ । ਕੈਨ ਬਾਇਓਸਿਸ ਦੇ ਸਾਰੇ ਉਤਪਾਦ Ecocert, FCO ਅਤੇ CIB ਰਜਿਸਟਰ ਹਨ । ਕੈਨ ਬਾਇਓਸਿਸ ਦਾ ਖੋਜ ਅਤੇ ਵਿਕਾਸ ਵਿਭਾਗ ਭਾਰਤ ਦੇ ਵਿਗਿਆਨੀ ਅਤੇ ਉਦਯੋਗਿਕ ਖੋਜ ਵਿਭਾਗ ਵੱਲੋਂ ਮਾਨਤਾ ਪ੍ਰਾਪਤ ਹੈ ।

ਕੈਨ ਬਾਇਓਸਿਸ ਨੂੰ ਗੁਣਵੱਤਾਪੂਰਨ ਉਤਪਾਦਾਂ ਲਈ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੁਰਸਕਾਰ ਮਿਲੇ ਹਨ, ਨਵੰਬਰ 2023 ਵਿੱਚ ਕੰਪਨੀ ਦੇ ਉਤਪਾਦ 'ਸਪੀਡ ਕੰਪੋਸਟ' ਨੂੰ ਫੈਡਰੇਸ਼ਨ ਆਫ ਇੰਡੀਅਨ ਚੈਂਬਰ ਆਫ ਇੰਡਸਟਰੀਜ਼ (ਫਿੱਕੀ) ਵੱਲੋਂ ਪਹਿਲੇ ਨੈਸ਼ਨਲ ਸਸਟੇਨੇਬਲ ਐਗਰੀਕਲਚਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ । ਕੰਪਨੀ ਵਿੱਚ ਦੋ ਸੌ ਤੋਂ ਜ਼ਿਆਦਾ ਕਰਮਚਾਰੀ ਕੰਮ ਕਰਦੇ ਹਨ । ਕੰਪਨੀ ਦੇ 20 ਤੋਂ ਜ਼ਿਆਦਾ ਉਤਪਾਦ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਵੇਚੇ ਜਾਂਦੇ ਹਨ, ਕੈਨ ਬਾਇਓਸਿਸ ਆਪਣੇ ਗੁਣਵੱਤਾਪੂਰਨ ਉਤਪਾਦਾਂ ਨੂੰ ਦਸ ਹੋਰ ਉੱਨਤ ਦੇਸ਼ਾਂ ਵਿੱਚ ਵੀ ਨਿਰਯਾਤ ਕਰਦਾ ਹੈ ।

ਵਰਤਮਾਨ ਵਿੱਚ ਬਦਲਦੇ ਵਾਤਾਵਰਣ ਅਤੇ ਰਸਾਇਣਿਕ ਦਵਾਈਆਂ ਦੀ ਵਧੇਰੇ ਵਰਤੋਂ ਕਾਰਨ




ਮਿੱਟੀ ਅਤੇ ਫਸਲ ਦੀ ਸਿਹਤ 'ਤੇ ਪ੍ਰਤੀਕੂਲ ਪ੍ਰਭਾਵ ਪੈ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਫਸਲ ਦੀ ਉਪਜ ਅਤੇ ਉਤਪਾਦਕਤਾ ਘੱਟ ਹੋ ਰਹੀ ਹੈ । ਤਾਬਾ, ਵਹਾਇਟਰੋਮੇਨ, ਸੁਡੋ, ਮਿਲਸਟੀਨ ਕੇ, ਕਾਮਬੱਟ, ਸਪੀਡ ਕੰਪੋਸਟ, ਸੀ. ਐਮ.-33, ਨੇਮਸਟੀਨ, ਬ੍ਰਿਗੇਡ-ਬੀ ਅਤੇ ਬਿਗ ਬੋਸ ਇਹ ਲੋਕਪ੍ਰਿਯ ਉਤਪਾਦ ਜੋ ਕੈਨ ਬਾਇਓਸਿਸ ਕਈ ਸਾਲਾਂ ਤੋਂ ਭਾਰਤੀ ਬਾਜ਼ਾਰ ਵਿੱਚ ਕਿਸਾਨਾਂ ਦੀ ਸੇਵਾ ਕਰ ਰਹੇ ਹਨ ।